# ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਲਿਮਟਿਡ, ਚੰਡੀਗੜ੍ਹ

## ਮਹੱਤਵਪੂਰਨ ਅੰਕੜੇ

(ਰਕਮ ਲੱਖਾਂ ਵਿੱਚ)

| ਵੇਰਵਾ | 31.3.2020 | 31.3.2021 | 31.3.2022 | 2020 ਨਾਲੋਂ 2021 ਵਿੱਚ % ਵਾਧਾ | 2021 ਨਾਲੋਂ 2022 ਵਿੱਚ % ਵਾਧਾ |
|---|---|---|---|---|---|
| 1 | 2 | 3 | 4 | 5 | 6 |
| ਹਿੱਸਾ ਪੂੰਜੀ | 16700.64 | 16941.34 | 16941.34 | 1.44% | N.A. |
| ਰਾਖਵਾਂ ਫੰਡ | 66775.23 | 69027.52 | 74416.99 | 3.37% | 7.8% |
| ਆਪਣੇ ਫੰਡ | 87521.88 | 90701.73 | 94309.43 | 3.63% | 1.19% |
| ਅਮਾਨਤਾਂ | 355146.29 | 337805.21 | 371435.42 | -4.88% | 9.95% |
| ਉਧਾਰ | 415764.24 | 428269.70 | 406320.89 | 3.01% | -5.12% |
| ਪੂੰਜੀ ਨਿਵੇਸ਼ | 271459.35 | 283272.46 | 295437.19 | 4.35% | 4.29% |
| ਪੇਸ਼ਗੀਆਂ | 565987.41 | 551820.67 | 552589.18 | -2.50% | 0.14% |
| ਪ੍ਰਤੀ ਕਰਮਚਾਰੀ ਬਿਜਨਸ | 3060.24 | 3434.85 | 3473.77 | 12.24% | 1.13% |
| ਪ੍ਰਤੀ ਸ਼ਾਖਾ ਬਿਜਨਸ | 51174.01 | 46822.41 | 51334.63 | -8.50% | 9.63% |
| ਐਨ.ਪੀ.ਏ. (%) | 1.03 | 1.04 | 1.00 | 0.97% | -3.85% |

# ਸਾਲਾਨਾ ਰਿਪੋਰਟ
# ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ, ਚੰਡੀਗੜ੍ਹ
## 31 ਮਾਰਚ, 2022 ਨੂੰ ਖ਼ਤਮ ਹੋਏ ਵਿੱਤੀ ਸਾਲ ਦੀ ਰਿਪੋਰਟ

**ਪਿਆਰੇ ਮੈਂਬਰ ਸਹਿਬਾਨ,**

ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ, ਚੰਡੀਗੜ੍ਹ ਦੀ ਮੈਨੇਜਮੈਂਟ ਵਲੋਂ ਮੈਂ ਤੁਹਾਡਾ ਸਾਰਿਆਂ ਦਾ ਬੈਂਕ ਦੇ ਆਮ ਅਜਲਾਸ ਵਿਚ ਆਉਣ ਤੇ ਸਵਾਗਤ ਕਰਦਾ ਹਾਂ ਅਤੇ ਬੈਂਕ ਦੇ ਕੰਮ ਕਾਜ ਸਬੰਧੀ **70ਵੀਂ ਸਾਲਾਨਾ ਰਿਪੋਰਟ**, ਜਿਸ ਵਿਚ 31 ਮਾਰਚ 2022 ਨੂੰ ਖਤਮ ਹੋਏ ਸਾਲ ਦੀ ਪੜਤਾਲ ਹੋਈ ਬੈਲੰਸ ਸ਼ੀਟ ਅਤੇ ਲਾਭ ਹਾਨੀ ਲੇਖਾ ਸ਼ਾਮਲ ਹੈ, ਤੁਹਾਡੇ ਸਾਹਮਣੇ ਪੇਸ਼ ਕਰਦੇ ਹੋਏ ਖੁਸ਼ੀ ਮਹਿਸੂਸ ਕਰਦਾ ਹਾਂ।

### ਸੰਗਠਨ ਅਤੇ ਪ੍ਰਬੰਧ :

ਪੰਜਾਬ ਰਾਜ ਸਹਿਕਾਰੀ ਬੈਂਕ ਸਹਿਕਾਰੀ ਕਰਜ਼ਾ ਲਹਿਰ ਦੇ ਇਕ ਪ੍ਰਮੁੱਖ ਵਿੱਤੀ ਅਦਾਰੇ ਵਜੋਂ 31 ਅਗਸਤ 1949 ਨੂੰ ਰਜਿਸਟ੍ਰੇਸ਼ਨ ਨੰ: 720 ਦੇ ਤਹਿਤ ਸ਼ਿਮਲਾ ਵਿਖੇ ਰਜਿਸਟਰ ਹੋਇਆ।

ਸਹਿਕਾਰੀ ਬੈਂਕਿੰਗ ਢਾਂਚੇ ਵਿਚ, ਪੰਜਾਬ ਰਾਜ ਸਹਿਕਾਰੀ ਬੈਂਕ ਦੀ ਸਥਿਤੀ ਅਤੀ ਮਹੱਤਵਪੂਰਣ ਹੈ ਕਿਉਂਕਿ ਸਾਰਾ ਕਰਜ਼ਾ ਸਿਸਟਮ ਇਸਦੇ ਦੁਆਲੇ ਘੁੰਮਦਾ ਹੈ। ਇਹ ਬੈਂਕ ਇਹ ਯਕੀਨੀ ਬਣਾਉਂਦਾ ਹੈ ਕਿ ਇਸਦੇ ਮੈਂਬਰ ਕੇਂਦਰੀ ਸਹਿਕਾਰੀ ਬੈਂਕ ਭਰੋਸੇਯੋਗ ਬੈਂਕਿੰਗ ਲੀਹਾਂ ਤੇ ਚੱਲਣ ਅਤੇ ਸਖਤ ਵਿਤੀ ਅਨੁਸ਼ਾਸਨ ਬਣਾਈ ਰੱਖਣ।


### ਉਦੇਸ਼ :
### ਬੈਂਕ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ :

- ਸਮੇਂ ਤੇ ਲਾਗੂ ਪੰਜਾਬ ਸਹਿਕਾਰੀ ਸਭਾਵਾਂ ਬਾਰੇ ਕਾਨੂੰਨ 1961 ਦੇ ਤਹਿਤ ਰਜਿਸਟਰਡ ਹੋਈਆਂ ਸਹਿਕਾਰੀ ਸਭਾਵਾਂ ਲਈ ਸੰਤੁਲਨ ਕੇਂਦਰ ਦੇ ਤੌਰ ਤੇ ਕੰਮ ਕਰਨਾ।
- ਸਹਿਕਾਰੀ ਸਿਧਾਂਤਾਂ ਅਨੁਸਾਰ ਬੈਂਕ ਦੇ ਮੈਂਬਰਾਂ ਅਤੇ ਰਾਜ ਵਿਚਲੀਆਂ ਸਹਿਕਾਰੀ ਸਭਾਵਾਂ ਦੇ ਆਰਥਿਕ ਹਿਤਾਂ ਨੂੰ ਉਤਸਾਹਿਤ ਕਰਨ ਅਤੇ ਉਕਤ ਕਾਨੂੰਨ ਤਹਿਤ ਰਜਿਸਟਰ ਹੋਈ ਕਿਸੇ ਵੀ ਸਹਿਕਾਰੀ ਸਭਾ ਦੇ ਵਿਕਾਸ ਅਤੇ ਫੰਡਿੰਗ ਨੂੰ ਸੁਵਿਧਾਜਨਕ ਬਣਾਉਣਾ।
- ਬੈਕਿੰਗ ਤੇ ਕਰਜ਼ ਦਾ ਕਾਰੋਬਾਰ ਚਲਾਉਣਾ।

### ਮੈਨੇਜਮੈਂਟ/ਪ੍ਰਬੰਧ :

ਬੈਂਕ ਦੇ ਬੋਰਡ ਦੀ ਚੋਣ ਮਿਤੀ 25.02.2016 ਨੂੰ ਹੋਈ ਸੀ ਅਤੇ ਬੋਰਡ ਦੀ ਮਿਆਦ 24.02.2021 ਨੂੰ ਖਤਮ ਹੋ ਚੁੱਕੀ ਹੈ ਅਤੇ ਬੈਂਕ ਦੇ ਪ੍ਰਬੰਧਨ ਦੀ ਦੇਖਭਾਲ ਐਡਮਿਨਸਟ੍ਰੇਟਰ ਵੱਲੋਂ ਕੀਤੀ ਜਾ ਰਹੀ ਹੈ।

ਐਡਮਿਨਸਟ੍ਰੇਟਰ ਬੈਂਕ ਦੇ ਕੰਮ ਕਾਜ ਸਬੰਧੀ ਵਿਆਪਕ ਨੀਤੀਆਂ ਤਿਆਰ ਕਰਦੇ ਹਨ। ਇਨ੍ਹਾਂ ਤੋਂ ਇਲਾਵਾ ਪੇਸ਼ਾਵਰ ਅਧਿਕਾਰੀ ਜਿਵੇਂ ਕਿ ਹੇਠਾਂ ਸੰਗਠਨਾਤਮਕ ਚਾਰਟ ਵਿੱਚ ਦਰਸਾਇਆ ਗਿਆ ਹੈ, ਸਾਲ 2021-22 ਦੌਰਾਨ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਲਈ ਕੰਮ ਕਰਦੇ ਹਨ।




## ਬੋਰਡ ਆਫ ਡਾਇਰੈਕਟਰਜ਼ :

ਬੋਰਡ ਆਫ ਡਾਇਰੈਕਟਰਜ਼ 5 ਸਾਲ ਲਈ ਸੰਗਠਤ ਕੀਤਾ ਜਾਂਦਾ ਸੀ। ਬੋਰਡ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ।

* ਇਕ ਇਕ ਡਾਇਰੈਕਟਰ 14 ਸੈਂਟਰਲ ਕੋਆਪ੍ਰੇਟਿਵ ਬੈਂਕਾਂ ਵਿੱਚੋਂ ਚੁਣਿਆ ਜਾਵੇਗਾ ਜਿਨ੍ਹਾਂ ਦੀ ਸੀ.ਆਰ., ਏ.ਆਰ. ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਨਿਸ਼ਚਿਤ ਕੀਤੀ ਮਿਤੀ ਤੱਕ ਸਭ ਤੋਂ ਵੱਧ ਹੋਵੇਗੀ। ਬਾਕੀ ਦੋ ਡਾਇਰੈਕਟਰ 6 ਸੈਂਟਰਲ ਕੋਆਪ੍ਰੇਟਿਵ ਬੈਂਕਾਂ ਵਿੱਚੋਂ ਚੁਣੇ ਜਾਣਗੇ ਜਿਨ੍ਹਾਂ ਦੀ ਸੀ.ਆਰ., ਏ.ਆਰ. ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਵੱਲੋਂ ਨਿਸ਼ਚਿਤ ਮਿਤੀ ਨੂੰ ਸਭ ਤੋਂ ਘੱਟ ਹੋਵੇਗੀ।
* ਸਰਕਾਰ ਦੇ ਵੱਧ ਤੋਂ ਵੱਧ ਦੋ ਨੁਮਾਇੰਦੇ ਉਦੋਂ ਤੱਕ ਜਦ ਤੱਕ ਸਰਕਾਰ ਦਾ ਬੈਂਕ ਦੀ ਹਿੱਸਾ ਪੂੰਜੀ ਵਿਚ ਯੋਗਦਾਨ ਹੈ।
* ਰਜਿਸਟਰਾਰ ਜਾਂ ਉਹਨਾਂ ਦਾ ਨੁਮਾਇੰਦਾ ਜੋ ਵਧੀਕ ਰਜਿਸਟਰਾਰ ਦੇ ਅਹੁਦੇ ਤੋਂ ਘੱਟ ਨਾ ਹੋਵੇ।
* ਮੈਨੇਜਿੰਗ ਡਾਇਰਕੈਟਰ ਬੈਂਕ।
* ਨਾਬਾਰਡ ਦਾ ਨੁਮਾਇੰਦਾ।
* ਉਪਰੋਕਤ ਤੋਂ ਇਲਾਵਾ ਬੀ.ਓ.ਡੀ. ਵੱਲੋਂ ਦੋ ਪ੍ਰੋਫੈਸ਼ਨਲ ਡਾਇਰੈਕਟਰ ਵੀ ਕੋਆਪਟ ਕੀਤੇ ਜਾਂਦੇ ਹਨ ਜੋ ਕਿ ਆਰ.ਬੀ.ਆਈ. ਦੇ ਫਿਟ ਅਤੇ ਪਰਾਪਰ ਕਰਾਇਟੀਰਿਆ ਅਨੁਸਾਰ ਯੋਗ ਹੋਣ। ਅਜਿਹੇ ਡਾਇਰੈਕਟਰਜ਼ ਕੋਲ ਕੋਈ ਵੋਟਿੰਗ ਦਾ ਅਧਿਕਾਰ ਨਹੀਂ ਹੈ।

ਫਰਵਰੀ 2021 ਵਿੱਚ ਉਪਰੋਕਤ ਬੋਰਡ ਦੇ ਕਾਰਜ਼ਕਾਲ ਦੀ ਸਮਾਪਤੀ ਤੋਂ ਬਾਅਦ, ਬੈਂਕ ਦੇ ਕੰਮਕਾਜ਼ ਨੂੰ ਪ੍ਰਸ਼ਾਸ਼ਕ ਦੁਆਰਾ ਦੇਖਿਆ ਜਾ ਰਿਹਾ ਹੈ, ਜੋ ਕਿ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਹਨ।

## ਸਾਲ 2021-2022 ਦੀਆਂ ਵਿੱਤੀ ਸਰਗਰਮੀਆਂ :

ਬੈਂਕ ਵਲੋਂ ਸਾਲ 2021-2022 ਦੌਰਾਨ ਕੀਤੀਆਂ ਪ੍ਰਾਪਤੀਆਂ ਅਤੇ ਵਿੱਤੀ ਸਰਗਰਮੀਆਂ ਹੇਠਾਂ ਦਿਤੇ ਅਨੁਸਾਰ ਹਨ:

### 1 ਹਿੱਸਾ ਪੂੰਜੀ :

ਬੈਂਕ ਦੀ ਅਦਾ ਕੀਤੀ ਹਿੱਸਾ ਪੂੰਜੀ 31.3.2022 ਨੂੰ 169.41 ਕਰੋੜ ਰੁਪਏ ਸੀ।

### 2 ਰਾਖਵੇਂ ਫੰਡ :

31.3.2022 ਨੂੰ ਖਤਮ ਹੋਏ ਸਾਲ ਦੌਰਾਨ ਬੈਂਕ ਦੇ ਰਾਖਵੇਂ ਫੰਡ ਅਤੇ ਹੋਰ ਰਿਜ਼ਰਵਜ਼ ਵਧ ਕੇ 744.17 ਕਰੋੜ ਹੋ ਗਏ ਹਨ ਜੋ 31.3.2021 ਨੂੰ 690.28 ਕਰੋੜ ਸਨ। ਜੇਕਰ ਅਣਵੰਡੇ ਲਾਭ ਨੂੰ ਵੀ ਵਿੱਚ ਮਿਲਾ ਲਿਆ ਜਾਏ ਤਾਂ ਇਹ ਫੰਡ ਵੱਧ ਕੇ 773.68 ਕਰੋੜ ਰੁਪਏ ਹੋ ਜਾਂਦੇ ਹਨ।

### 3 ਅਮਾਨਤਾਂ :

31 ਮਾਰਚ 2022 ਨੂੰ ਬੈਂਕ ਦੇ ਜਮ੍ਹਾਂ ਖਾਤੇ 3714.35 ਕਰੋੜ ਰੁਪਏ ਅਤੇ 31 ਮਾਰਚ 2021 ਨੂੰ ਬੈਂਕ ਦੇ ਜਮ੍ਹਾਂ ਖਾਤੇ 3378.05 ਕਰੋੜ ਰੁਪਏ ਦੇ ਸਨ ਜੋ ਕਿ 9.95% ਦਾ ਵਾਧਾ ਦਰਸਾਉਂਦੇ ਹਨ।

### 4 ਉਧਾਰ :

ਬੈਂਕ ਦੀਆਂ ਉਧਾਰੀਆਂ 31.3.2022 ਨੂੰ 4063.21 ਕਰੋੜ ਸਨ ਜਦਕਿ 31.3.2021 ਨੂੰ ਇਹ 4282.70 ਕਰੋੜ ਰੁਪਏ ਸਨ। ਮਿਤੀ 31.03.2022 ਨੂੰ ਉਧਾਰੀਆਂ, ਬੈਂਕ ਦੀ ਕਾਰਜ਼ ਪੂੰਜੀ ਦਾ 49.19% ਸਨ।

### 5 ਪੂੰਜੀ ਨਿਵੇਸ਼ :

ਸਰਕਾਰੀ/ਟਰੱਸਟੀ ਸਕਿਉਰਿਟੀਜ਼ ਅਤੇ ਹੋਰ ਸਕਿਉਰਿਟੀਜ਼ ਵਿਚ ਕੁੱਲ ਪੂੰਜੀ ਨਿਵੇਸ਼ 31.3.2022 ਨੂੰ 2954.37 ਕਰੋੜ ਸੀ ਜਦਕਿ 31.3.2021 ਨੂੰ ਇਹ 2832.72 ਕਰੋੜ ਰੁਪਏ ਸੀ।

### 6 ਪੇਸ਼ਗੀਆਂ :

31.3.2022 ਨੂੰ ਕੁੱਲ ਕਰਜ਼ੇ ਅਤੇ ਬਕਾਇਆ ਪੇਸ਼ਗੀਆਂ 5525.89 ਕਰੋੜ ਰੁਪਏ ਦੀਆਂ ਸਨ ਜੋ ਕਿ 31.3.2021 ਨੂੰ 5518.21 ਕਰੋੜ ਰੁਪਏ ਸੀ।

### 7 ਕਰਜ਼ਿਆਂ ਦੀ ਵਸੂਲੀ :

31.3.2022 ਤੱਕ ਕਰਜ਼ਿਆਂ ਦੀ ਵਸੂਲੀ 98.96% ਸੀ ਜਦਕਿ 31.3.2021 ਤੱਕ ਇਹ 98.91% ਸੀ।

### 8 ਚਲੰਤ ਪੂੰਜੀ :

ਸਾਲ 2021-22 ਦੌਰਾਨ ਬੈਂਕ ਦੀ ਕਾਰਜ ਪੂੰਜੀ 8259.89 ਕਰੋੜ ਦੀ ਸੀ ਜੋ ਸਾਲ 31.3.2021 ਨੂੰ 7651.87 ਕਰੋੜ ਰੁਪਏ ਸੀ।


### 9 ਲਾਭ

ਬੈਂਕ ਨੇ ਸਾਲ 2021-22 ਦੌਰਾਨ 29.51 ਕਰੋੜ ਰੁਪਏ ਦਾ ਸ਼ੁੱਧ ਮੁਨਾਫਾ ਕਮਾਇਆ ਹੈ।

## ਫੰਡਾਂ ਦੇ ਸਾਧਨ :


ਬੈਂਕ ਆਪਣੇ ਫੰਡਾਂ ਦੇ ਸਾਧਨ, ਆਪਣੇ ਫੰਡਾਂ, ਲੋਕਾਂ ਤੋਂ ਇੱਕਠੀਆਂ ਕੀਤੀਆਂ ਅਮਾਨਤਾਂ ਅਤੇ ਵੱਡੀਆਂ ਵਿੱਤੀ ਏਜੰਸੀਆਂ ਜਿਹਨਾਂ ਵਿਚ ਨਾਬਾਰਡ, ਸਰਕਾਰ ਆਦਿ ਤੋਂ ਉਧਾਰ ਲੈ ਕੇ ਪੂਰੇ ਕਰਦਾ ਹੈ। ਇਹ ਫੰਡ ਬੈਂਕ ਆਪਣੇ ਨਾਲ ਜੁੜੇ ਅਦਾਰਿਆਂ ਅਤੇ ਅਮਾਨਤਦਾਰਾਂ ਦੀਆਂ ਕਰਜ਼ੇ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਅਤੇ ਕਾਨੂੰਨੀ ਜਿੰਮੇਂਵਾਰੀਆਂ ਨੂੰ ਪੂਰੀਆਂ ਕਰਨ ਲਈ ਵਰਤਦਾ ਹੈ। ਇਹਨਾਂ ਦਾ ਵਿਸਥਾਰ ਇਥੇ ਹੇਠਾਂ ਦਿੱਤਾ ਗਿਆ ਹੈ:-

## 1 ਹਿੱਸਾ ਪੂੰਜੀ :




ਬੈਂਕ ਦੇ ਆਪਣੇ ਫੰਡਾਂ ਵਿਚ ਹਿੱਸਾ ਪੂੰਜੀ ਦਾ ਵੱਡਾ ਭਾਗ ਹੈ। ਸਾਲ 2021-2022 ਦੇ ਅੰਤ ਵਿੱਚ ਬੈਂਕ ਦੀ ਹਿੱਸਾ ਪੂੰਜੀ 169.41 ਕਰੋੜ ਰੁਪਏ ਸੀ, ਜਿਸ ਵਿੱਚ ਕੇਂਦਰੀ ਸਹਿਕਾਰੀ ਬੈਂਕਾਂ ਦੀ ਹਿੱਸੇਦਾਰੀ 169.21 ਕਰੋੜ ਰੁਪਏ ਸੀ।

## 2 ਰਾਖਵੇਂ ਅਤੇ ਦੂਸਰੇ ਫੰਡ :





ਰਾਖਵੇਂ ਫੰਡ ਤੇ ਦੂਸਰੇ ਫੰਡ ਵੀ ਆਪਣੀ ਪੂੰਜੀ ਦਾ ਇਕ ਹੋਰ ਭਾਗ ਹਨ। ਵਿਚਾਰ ਅਧੀਨ ਸਾਲ ਦਰਮਿਆਨ ਇਹਨਾਂ ਵਿਚ ਵਰਨਣ ਯੋਗ ਵਾਧਾ ਹੋਇਆ ਹੈ। ਸਾਲ 2021 ਦੌਰਾਨ ਰਾਖਵੇਂ ਫੰਡ 690.28 ਕਰੋੜ ਰੁਪਏ ਦੇ ਸਨ ਜੋ ਕਿ 31.3.2022 ਨੂੰ ਵਧ ਕੇ 744.17 ਕਰੋੜ ਰੁਪਏ ਹੋ ਗਏ। ਵੱਖ ਵੱਖ ਰਾਖਵੇਂ ਅਤੇ ਹੋਰ ਫੰਡਾਂ ਦਾ ਪਿਛਲੇ ਤਿੰਨ ਸਾਲਾਂ ਦਾ ਵਿਸਤ੍ਰਿਤ ਵੇਰਵਾ ਨਿਮਨਲਿਖਿਤ ਅਨੁਸਾਰ ਹੈ:-

(ਰਕਮ ਲੱਖਾਂ ਵਿਚ)

ਬੈਲੇਂਸ

| ਲੜੀ ਨੰ. | ਫੰਡ ਦਾ ਨਾਂ | 31.3.2020 | 31.3.2021 | 31.3.2022 |
|---|---|---|---|---|
| 1 | ਰਾਖਵਾਂ ਫੰਡ | 18093.50 | 18537.72 | 19721.01 |
| 2 | ਐਗਰੀ ਕਰੈਡਿਟ ਸਟੈਬ ਫੰਡ | 15716.29 | 16445.81 | 17641.99 |
| 3 | ਬਿਲਡਿੰਗ ਫੰਡ | 1523.74 | 1523.74 | 1523.74 |
| 4 | ਲਾਭ-ਅੰਸ਼ ਬਰਾਬਰੀ ਫੰਡ | 7.00 | 7.00 | 7.00 |
| 5 | ਖਰਾਬ ਤੇ ਸ਼ੱਕੀ ਕਰਜ਼ਾ ਫੰਡ | 8821.68 | 9301.36 | 10579.23 |
| 6 | ਇਨਵੈਸਟਮੈਂਟ ਡੈਪਰੀ਼ ਫੰਡ | 721.28 | 721.28 | 721.28 |
| 7 | ਕਰਮਚਾਰੀ ਭਲਾਈ ਫੰਡ | 85.11 | 120.64 | 418.05 |
| 8 | ਵਿਕਾਸ ਫੰਡ ਪੈਕਸ ਤੇ ਸੀ ਸੀ ਬੀ | 218.67 | 218.67 | 240.84 |
| 9 | ਸਹਿਕਾਰੀ ਸਿਖਿਆ ਸਿਖਲਾਈ ਫੰਡ | 23.04 | 23.04 | 23.04 |
| 10 | ਕਾਮਨ ਗੁੱਡ ਫੰਡ | 287.12 | 303.77 | 381.56 |
| 11 | ਹਿੱਸਾ ਬਦਲੀ ਫੰਡ | 316.04 | 322.89 | 650.80 |
| 12 | ਸਹਿਕਾਰੀ ਵਿਕਾਸ ਫੰਡ | ...... | ...... | ........ |
| 13 | ਪ੍ਰਾਇਮਰੀ ਸਹਿਕਾਰੀ ਸਭਾਵਾਂ ਵਿਕਾਸ ਫੰਡ | 178.48 | 196.24 | 243.57 |
| 14 | ਬਿਲਡਿੰਗ ਐਂਡ ਇਨਫਰਾਸਟਕਚਰ ਡਿਵੈਲਪਮੈਂਡ ਫੰਡ | 2276.62 | 2489.82 | 3057.76 |
| 15 | ਪ੍ਰੋਵੀਜਨ ਫਾਰ ਬੈਡ ਅਤੇ ਡਾਊਟਫੁਲ ਡੈਬਿਟ | 3358.68 | 3667.59 | 4058.83 |
| 16 | ਰਿਵੈਲਊਏਸ਼ਨ ਰਿਜ਼ਰਵਸ | 15146.06 | 15146.06 | 15146.06 |
| 17. | ਪ੍ਰੋਵੀਜਨ ਫਾਰ ਐਨ.ਪੀ.ਏ. (ਆਈ.ਆਰ.ਏ.ਸੀ.) | 1.92 | 1.92 | 1.92 |
| | ਕੁੱਲ ਜੋੜ | 66775.23 | 69027.56 | 74416.68 |

## ਅਮਾਨਤਾਂ :




ਅਮਾਨਤਾਂ ਬੈਂਕ ਦੇ ਫੰਡਾਂ ਦਾ ਇਕੱਲਾ ਸੱਭ ਤੋਂ ਵੱਡਾ ਸਾਧਨ ਹਨ ਅਤੇ ਕਾਰੋਬਾਰੀ ਸਰਮਾਏ ਦੇ ਅਤੀ ਜਰੂਰੀ ਹਿੱਸੇ ਦੇ ਤੌਰ ਤੇ ਕੇਂਦਰੀ ਰੋਲ ਅਦਾ ਕਰਦੀਆਂ ਹਨ। ਗਾਹਕ ਉੱਤੇ ਸਟਾਫ ਵੱਲੋਂ ਧਿਆਨ ਕੇਂਦ੍ਰਿਤ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਕਾਰਣ ਅਮਾਨਤਾਂ ਵਿਚ ਭਰਪੂਰ ਵਾਧਾ ਹੋਇਆ ਹੈ।

ਵਿਅਕਤੀਆਂ, ਸਹਿਕਾਰੀ ਬੈਂਕਾਂ, ਸਹਿਕਾਰੀ ਅਦਾਰਿਆਂ ਅਤੇ ਦੂਸਰੇ ਅਦਾਰਿਆਂ ਜਿਹਨਾਂ ਨੂੰ ਬੈਂਕ ਦੁਆਰਾ ਬੈਂਕਿੰਗ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਨੇ ਅਮਾਨਤੀ ਅਧਾਰ ਨੂੰ ਵਧਾਉਣ ਵਿਚ ਬੈਂਕ ਦੀ ਮੱਦਦ ਕੀਤੀ ਹੈ। ਸਮਾਜ ਦੇ ਵਿਭਿੰਨ ਵਰਗਾਂ ਲਈ ਵਿਭਿੰਨ ਅਮਾਨਤੀ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਹੋਰ ਸਹੂਲਤਾਂ ਜਿਵੇਂ ਲਾਕਰ, ਬਿਲਾਂ ਤੇ ਚੈਕਾਂ ਦੀ ਕੁਲੈਕਸ਼ਨ, ਆਰ.ਟੀ.ਜੀ.ਐਸ./ਨੈਫਟ ਅਤੇ ਡੀਮਾਂਡ ਡਰਾਫਟਾਂ ਦੇ ਰਾਹੀਂ ਫੰਡਾਂ ਦੀ ਭਿਜਵਾਈ ਆਦਿ ਨੇ ਬੈਂਕ ਦੀਆਂ ਅਮਾਨਤਾਂ ਵਧਾਉਣ ਵਿੱਚ ਮੱਦਦ ਕੀਤੀ ਹੈ।

31.3.2021 ਬੈਂਕ ਦੇ ਜਮ੍ਹਾਂ ਖਾਤੇ 3378.05 ਕਰੋੜ ਰੁਪਏ ਦੇ ਸਨ ਜੋ 31.3.2022 ਨੂੰ 3714.34 ਕਰੋੜ ਰੁਪਏ ਹੋ ਗਏ।

ਅਮਾਨਤਾਂ ਦਾ ਕ੍ਰਮਵਾਰ ਵੇਰਵਾ ਹੇਠ ਦਿੱਤਾ ਜਾ ਰਿਹਾ ਹੈ:-

| ਵੇਰਵਾ | ਰਕਮ ਲੱਖਾਂ ਵਿੱਚ 31.3.2021 | ਕੁੱਲ ਅਮਾਨਤ ਦਾ % 31.3.2021 | ਰਕਮ ਲੱਖਾਂ ਵਿੱਚ 31.3.2022 | ਕੁੱਲ ਅਮਾਨਤ ਦਾ % 31.3.2022 |
|---|---|---|---|---|
| ਚਾਲੂ ਅਮਾਨਤਾਂ | 18564.47 | 5.50 | 15446.56 | 4.16 |
| ਕਾਲ ਡਿਪਾਜ਼ਿਟ | 1.38 | ....... | 1.25 | ....... |
| ਬਚਤ ਅਮਾਨਤਾਂ | 25168.20 | 7.45 | 39324.64 | 10.59 |
| ਮਿਆਦੀ ਅਮਾਨਤਾਂ | 294071.16 | 87.05 | 316662.97 | 85.25 |
| **ਕੁੱਲ** | **337805.21** | **100.00** | **371435.42** | **100%** |

## ਉਧਾਰ :

ਵੱਖ ਵੱਖ ਕਰਜ਼ ਪ੍ਰੋਗਰਾਮਾਂ ਤਹਿਤ ਕਰਜ਼ੇ ਦੀ ਘਾਟ ਪੂਰੀ ਕਰਨ ਅਤੇ ਬੈਂਕ ਦੀਆਂ ਮਾਲੀ ਜਿੰਮੇਂਵਾਰੀਆਂ ਪੂਰੀਆਂ ਕਰਨ ਲਈ, ਇਹ ਬੈਂਕ ਨਾਬਾਰਡ, ਸਰਕਾਰ ਅਤੇ ਹੋਰ ਮਾਲੀ ਸੰਸਥਾਵਾਂ ਤੋਂ ਪ੍ਰਾਪਤ ਮਾਲੀ ਸਹਾਇਤਾ, ਕੇਂਦਰੀ ਸਹਿਕਾਰੀ ਬੈਂਕਾਂ ਨੂੰ ਦੇਣ ਲਈ ਇਕ ਸਹੂਲਤਕਾਰ ਦੇ ਤੌਰ ਤੇ ਕੰਮ ਕਰਦਾ ਹੈ।

ਸਾਲ 2021-2022 ਦੌਰਾਨ ਬੈਂਕ ਦੀਆਂ ਉਧਾਰ ਰਕਮਾਂ 4063.21 ਕਰੋੜ ਰੁਪਏ ਸਨ। ਉਧਾਰ ਰਕਮਾਂ ਸਾਲ 2021-2022 ਦੌਰਾਨ ਕਾਰਜ ਪੂੰਜੀ ਦਾ 49.19% ਸਨ। ਉਧਾਰ ਦੇ ਵਸੀਲਿਆਂ ਅਤੇ ਕਿਸਮ ਅਨੁਸਾਰ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ:-

(ਰੁਪਏ ਲੱਖਾਂ ਵਿਚ)

| | | 31.3.2022 |
|---|---|---|
| ੳ | ਨਾਬਾਰਡ ਤੋਂ | |
| 1 | ਥੋੜ੍ਹੇ ਸਮੇਂ ਦੇ ਕੰਮਾਂ ਲਈ ਖੇਤੀ ਕਰਜ਼ੇ | 383210.00 |
| 2 | ਤੇਲ ਬੀਜਾਂ ਲਈ | 800.00 |
| 3 | ਗੈਰ ਜਰਾਇਤੀ ਸੈਕਟਰ/ਖੇਤੀ ਸੈਕਟਰ ਤਹਿਤ ਮਿਆਦੀ ਕਰਜ਼ੇ | 22298.26 |
| 4 | ਮਾਰਕੀਟਿੰਗ ਐਲਾਇੰਡ ਐਕਟੀਵਿਟੀਜ਼ | 0.00 |
| ਅ | ਪੰਜਾਬ ਸਰਕਾਰ ਤੋਂ | |
| 1 | ਖੇਤੀ ਕਰਜਾ ਸਥਿਰਤਾ ਫੰਡ ਦੀ ਮਜ਼ਬੂਤੀ ਲਈ ਕਰਜਾ | 12.63 |
| ੲ | ਦੂਜੇ ਬੈਂਕਾਂ ਤੋਂ ਲੋਨ | |
| ਕੁੱਲ | | 406320.89 |

**ਉਧਾਰ ਦਾ ਸਿਰਲੇਖਵਾਰ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ:-**

**(ੳ) ਨਾਬਾਰਡ ਪਾਸੋਂ**

**1 ਥੋੜ੍ਹੇ ਸਮੇਂ ਦੇ ਖੇਤੀਬਾੜੀ ਕਰਜ਼ੇ ਦੀਆਂ ਲਿਮਟਾਂ :**

ਕੇਂਦਰੀ ਸਹਿਕਾਰੀ ਬੈਂਕਾਂ/ਪ੍ਰਾਇਮਰੀ ਖੇਤੀ ਸਹਿਕਾਰੀ ਸਭਾਵਾਂ ਰਾਹੀਂ ਕਿਸਾਨਾਂ ਨੂੰ ਖੇਤੀ ਕੰਮਾਂ ਲਈ ਕਰਜ਼ਾ ਦੇਣ ਵਾਸਤੇ ਨਾਬਾਰਡ ਤੋਂ ਮੌਸਮੀ ਖੇਤੀਬਾੜੀ ਕੰਮਾਂ ਲਈ ਥੋੜ੍ਹ ਚਿਰੀਆਂ ਕਰਜ਼ਾ ਲਿਮਟਾਂ ਲਈਆਂ ਜਾਂਦੀਆਂ ਹਨ। ਇਹ ਵੀ ਵਰਨਣਯੋਗ ਹੈ ਕਿ ਨਾਬਾਰਡ ਹੀ ਇਕ ਅਜਿਹੀ ਮੁੱਖ ਸੰਸਥਾ ਹੈ ਜਿਹੜੀ ਕੇਂਦਰੀ ਸਹਿਕਾਰੀ ਬੈਂਕਾਂ/ਮੁਢਲੀਆਂ ਖੇਤੀ ਸਹਿਕਾਰੀ ਸਭਾਵਾਂ ਨੂੰ ਖੇਤੀਬਾੜੀ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਘੱਟ ਵਿਆਜ ਤੇ ਕਰਜ਼ਾ ਮੁਹੱਈਆ ਕਰਦੀ ਹੈ। ਕਰਜ਼ੇ ਦੀਆਂ ਲਿਮਟਾਂ ਮੰਨਜੂਰ ਕਰਨ ਸਮੇਂ ਨਾਬਾਰਡ ਕੇਂਦਰੀ ਸਹਿਕਾਰੀ ਬੈਂਕਾਂ ਦੀਆਂ ਲੋੜਾਂ ਨੂੰ ਯੋਗ ਕਰਜ਼ਾ ਪ੍ਰੋਗਰਾਮ ਦੇ ਅਧਾਰ ਤੇ ਘੋਖਦਾ ਹੈ। ਨਾਬਾਰਡ ਦੁਆਰਾ ਮੰਨਜੂਰ ਕੀਤੀ ਗਈ ਲਿਮਟ ਅਤੇ ਬੈਂਕ ਦੁਆਰਾ ਪ੍ਰਾਪਤ ਕੀਤੀ ਲਿਮਟ ਦਾ ਵੇਰਵਾ ਹੇਠਾਂ ਦਿਤਾ ਗਿਆ ਹੈ।

(ਰਕਮ ਕਰੋੜਾਂ ਵਿੱਚ)

| ਸਾਲ | ਮਨਜ਼ੂਰ ਕੀਤੀ ਥੋੜੇ ਸਮੇਂ ਦੀ ਕਰਜ਼ਾ ਲਿਮਟ | ਬੈਂਕ ਦੁਆਰਾ ਕੀਤੀ ਗਈ ਵੱਧ ਤੋਂ ਵੱਧ ਵਰਤੋਂ | ਕਰਜ਼ਾ ਲਿਮਟ ਦੀ ਪ੍ਰਤੀਸ਼ਤਤਾ ਵਰਤੋਂ |
|---|---|---|---|
| 2012-2013 | 5400.00 | 5400.00 | 100% |

| | | | |
|---|---|---|---|
| 2013-2014 | 5894.19 | 5894.19 | 100% |
| 2014-2015 | 6300.00 | 6300.00 | 100% |
| 2015-2016 | 5225.00 | 5225.00 | 100% |
| 2016-2017 | 6440.00 | 5570.56 | 86.50% |
| 2017-2018 | 4140.00 | 3381.16 | 81.67% |
| 2018-2019 | 4000.00 | 3426.29 | 85.66% |
| 2019-2020 | 3730.00 | 3730.00 | 100% |
| 2020-2021 | 3500.00 | 3500.00 | 100% |
| 2021-2022 | 3500.00 | 3500.00 | 100% |

### (2) ਤੇਲ ਬੀਜਾਂ ਲਈ :

ਨਾਬਾਰਡ ਨੇ ਤੇਲ ਬੀਜਾਂ ਵਾਲੀਆਂ ਫਸਲਾਂ ਦੀ ਪੈਦਾਵਾਰ ਲਈ ਮਾਲੀ ਸਹਾਇਤਾ ਦੇਣ ਵਾਸਤੇ 2021-2022 ਦੌਰਾਨ 800 ਲੱਖ ਰੁਪਏ ਦੀ ਕਰਜ਼ਾ ਲਿਮਟਾਂ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਮਨਜ਼ੂਰ ਕੀਤੀਆਂ। ਇਨ੍ਹਾਂ ਲਿਮਟਾਂ ਦੀ ਪੂਰੀ ਵਰਤੋਂ ਨਾਬਾਰਡ ਰਾਹੀਂ ਕੀਤੀ ਗਈ ਅਤੇ ਮਿਤੀ 31.03.2022 ਨੂੰ ਇਸ ਲਿਮਟ ਵਿੱਚ 800.00 ਲੱਖ ਰੁਪਏ ਖੜ੍ਹੇ ਸਨ।

### (3) ਨਾਨ ਫਾਰਮ ਸੈਕਟਰ ਸਕੀਮ :

ਪੰਜਾਬ 'ਚ ਸਹਿਕਾਰੀ ਬੈਂਕਾਂ ਦੇ ਕਰਜ਼ ਢਾਂਚੇ ਵਿੱਚ ਭਿੰਨਤਾ ਲਿਆਉਣ ਲਈ 1992-93 ਵਿੱਚ ਇਹ ਸਕੀਮ ਸ਼ੁਰੂ ਕੀਤੀ ਗਈ। ਸ਼ੁਰੂ ਵਿੱਚ ਚਾਰ ਕੇਂਦਰੀ ਸਹਿਕਾਰੀ ਬੈਂਕਾਂ ਜਲੰਧਰ, ਨਵਾਂਸ਼ਹਿਰ, ਕਪੂਰਥਲਾ ਅਤੇ ਲੁਧਿਆਣਾ ਨੂੰ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਨੇ ਕੰਪੋਜਿਟ ਕਰਜ਼ਾ ਦੇਣ ਦੀ ਇਜਾਜ਼ਤ ਦਿੱਤੀ। ਬਾਅਦ ਵਿੱਚ ਸਾਰੇ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਕੰਪੋਜਿਟ ਕਰਜ਼ੇ (ਸਥੂਲ ਪੂੰਜੀ ਅਤੇ ਕਰਜ਼ ਪੂੰਜੀ) ਅਤੇ ਵਿਅਕਤੀਗਤ ਕਾਰੀਗਰਾਂ/ ਦਸਤਕਾਰਾਂ, ਵਿਅਕਤੀਆਂ ਦੇ ਗਰੁੱਪਾਂ, ਮਾਲਕੀ/ਭਾਈਵਾਲੀ ਵਾਲੀਆਂ ਫੈਕਟਰੀਆਂ ਅਤੇ ਨਾਬਾਰਡ ਵਲੋਂ ਨੋਟੀਫਾਈ ਕੀਤੇ, ਘਰੇਲੂ ਅਤੇ ਛੋਟੇ ਉਦਯੋਗਾਂ ਦੇ 22 ਵਿਸ਼ਾਲ ਗਰੁੱਪਾਂ ਵਿੱਚ ਆਉਂਦੇ ਕੰਮਾਂ ਲਈ ਕਰਜ਼ਾ ਦੇਣ ਦੀ ਆਗਿਆ ਦਿੱਤੀ ਗਈ। ਇਨ੍ਹਾਂ 22 ਵੱਡੇ ਗਰੁੱਪਾਂ ਵਿੱਚ ਘਰੇਲੂ ਉਦਯੋਗ ਅਤੇ ਛੋਟੀਆਂ ਸੱਨਅਤਾਂ ਜਿਵੇਂ ਬੇਕਰੀ, ਆਟਾ ਚੱਕੀ, ਆਰਾ ਮਸ਼ੀਨ, ਬਿਜਲੀ ਦਾ ਸਮਾਨ ਬਣਾਉਣ ਅਤੇ ਮੁਰੰਮਤ ਕਰਨ, ਇੰਜਨੀਅਰਿੰਗ/ਸਰਵਿਸ ਯੂਨਿਟ, ਫਰਨੀਚਰ ਬਣਾਉਣ, ਖੇਡਾਂ ਦਾ ਸਮਾਨ, ਹੌਜ਼ਰੀ, ਰੇਡੀਮੇਡ ਕਪੜੇ ਬਣਾਉਣ ਦੀਆਂ ਯੂਨਿਟਾਂ ਲਾਉਣਾ ਸ਼ਾਮਲ ਹੈ।

ਨਾਬਾਰਡ ਵੱਲੋਂ ਕੇਂਦਰੀ ਸਹਿਕਾਰੀ ਬੈਂਕਾਂ ਲਈ ਪੰਜਾਬ ਰਾਜ ਸਹਿਕਾਰੀ ਬੈਂਕ ਨੂੰ ਕਰਜ਼ਾ ਸਹੂਲਤ ਮੁਹੱਈਆ ਕਰਵਾਈ ਗਈ ਹੈ ਤਾਂ ਕਿ ਕੇਂਦਰੀ ਸਹਿਕਾਰੀ ਬੈਂਕ ਵਿਅਕਤੀਗਤ ਕਾਰੀਗਰਾਂ ਅਤੇ ਸਿਲਪਕਾਰਾਂ ਅਤੇ ਛੋਟੇ ਉਦਯੋਗਾਂ/ ਇਕਾਈਆਂ ਆਦਿ ਨੂੰ ਮਾਲੀ ਸਹਾਇਤਾ ਦੇ ਸਕਣ। ਇਸ ਨਾਲ ਹੀ ਪੰਜਾਬ ਵਿੱਚ ਸਹਿਕਾਰੀ ਬੈਂਕ ਗੈਰ ਜ਼ਰਾਇਤੀ

ਖੇਤਰ ਵਿੱਚ ਵੀ ਪੈਸਾ ਲਾਉਣ 'ਚ ਕਾਮਯਾਬ ਹੋ ਗਏ ਹਨ। ਇਸ ਮਕਸਦ ਲਈ ਨਾਬਾਰਡ ਵਲੋਂ ਪ੍ਰਾਪਤ ਕਰਜ਼ੇ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ :-

(ਰੁਪਏ ਲੱਖਾਂ ਵਿੱਚ)

| ਸਾਲ | ਨਾਬਾਰਡ ਤੋਂ ਮਾਲੀ ਸਹਾਇਤਾ |
|---|---|
| 2012-2013 | 9164.73 |
| 2013-2014 | 6404.00 |
| 2014-2015 | 27535.00 |
| 2015-2016 | 18058.64 |
| 2016-2017 | 17434.86 |
| 2017-2018 | 5434.94 |
| 2018-2019 | 5399.45 |
| 2019-2020 | 15439.02 |
| 2020-2021 | 1534.71 |
| 2021-2022 | 8861.16 |

## ਅ ਸਰਕਾਰ ਤੋਂ ਕਰਜ਼ਾ:

### 1 ਪੰਜਾਬ ਸਰਕਾਰ ਤੋਂ :

ਸਾਲ 2021-2022 ਦੌਰਾਨ ਸਰਕਾਰ ਨੇ ਖੇਤੀ ਕਰਜ਼ ਸਥਿਰੀਕਰਨ ਫੰਡ ਵਿੱਚ ਕੋਈ ਮਾਲੀ ਸਹਾਇਤਾ ਨਹੀਂ ਦਿੱਤੀ। ਸਰਕਾਰ ਵੱਲੋਂ ਖੇਤੀ ਸਥਿਰੀਕਰਨ ਫੰਡ ਦੀ ਮਜ਼ਬੂਤੀ ਲਈ ਦਿੱਤੇ ਗਏ ਕਰਜ਼ੇ ਦੀ ਰਕਮ 31.3.2022 ਨੂੰ 12.63 ਲੱਖ ਰੁਪਏ ਖੜ੍ਹੀ ਸੀ ਜੋ ਮਿੱਥੇ ਪ੍ਰੋਗਰਾਮ ਮੁਤਾਬਿਕ ਵਾਪਸ ਕੀਤੀ ਜਾ ਰਹੀ ਹੈ।

## ਫੰਡਾਂ ਦਾ ਨਿਵੇਸ਼ :

### 1 ਸਰਕਾਰੀ ਅਤੇ ਟਰਸਟੀ ਸਕਿਉਰਟੀਆਂ ਵਿੱਚ ਨਿਵੇਸ਼ :

ਸਰਕਾਰੀ ਤੇ ਟ੍ਰਸਟੀ ਸਕਿਉਰਟੀਆਂ ਵਿੱਚ ਨਿਵੇਸ਼ 31.3.2022 ਤੱਕ 909.57 ਕਰੋੜ ਰੁਪਏ ਸੀ।

ਬੈਂਕਿੰਗ ਰੈਗੂਲੇਸ਼ਨ ਐਕਟ ਦੇ ਸੈਕਸ਼ਨ 24 ਤਹਿਤ ਲੋੜੀਂਦੇ ਤਰਲ ਅਸਾਸੇ (ਲਿਕੁਇਡ ਅਸੈਟਸ) ਨੂੰ ਬਣਾਈ ਰਖਣ ਲਈ ਸਰਕਾਰੀ ਤੇ ਹੋਰ ਟਰੱਸਟੀ ਸਕਿਉਰਟੀਆਂ ਵਿੱਚ ਪੈਸਾ ਲਾਉਣਾ ਜ਼ਰੂਰੀ ਹੈ। ਐਗਰੀ. ਕ੍ਰੈਡਿਟ ਸਟੈਬ ਫੰਡ ਲਈ ਵੀ ਸਕਿਉਰਟੀਆਂ ਵਿੱਚ ਧਨ ਲਾਉਣਾ ਜਰੂਰੀ ਹੈ। ਪਿਛਲੇ ਤਿੰਨ ਸਾਲਾਂ ਦਾ ਸਰਕਾਰੀ/ਟਰੱਸਟੀ ਸਕਿਉਰਟੀਜ਼ ਅਤੇ ਹੋਰ ਸਕਿਉਰਟੀਜ ਵਿੱਚ ਨਿਵੇਸ਼ ਦਾ ਵੇਰਵਾ ਇਸ ਪ੍ਰਕਾਰ ਹੈ:-

(ਰਕਮ ਕਰੋੜਾਂ ਵਿਚ)

| | | 31.3.2020 | 31.3.2021 | 31.3.2022 |
|---|---|---|---|---|
| 1 | ਕੇਂਦਰੀ ਤੇ ਰਾਜ ਸਰਕਾਰ | | | |
| | ਦੀਆਂ ਸਕਿਉਰਟੀਆਂ ਵਿਚ ਨਿਵੇਸ਼ | 838.49 | 897.80 | 909.57 |
| 2 | ਸਹਿਕਾਰੀ ਅਦਾਰਿਆਂ ਵਿਚ ਹਿੱਸੇ | 0.12 | 0.12 | 0.12 |
| 3 | ਹੋਰ ਨਿਵੇਸ਼ | 18.00 | 18.00 | 0.00 |
| | **ਕੁੱਲ** | **856.61** | **900.52** | **909.69** |

## 2 ਵਪਾਰਕ ਬੈਂਕਾਂ ਨਾਲ ਕਾਲ ਡਿਪਾਜ਼ਟਾਂ ਵਿਚ ਨਿਵੇਸ਼ :

ਨਾਬਾਰਡ ਨੇ ਰਾਜ ਸਹਿਕਾਰੀ ਬੈਂਕਾਂ ਨੂੰ ਕਾਲ ਅਤੇ ਥੋੜ੍ਹੀ ਮਿਆਦ ਦੀ ਡਿਪਾਜਟ ਵਿੱਚ ਨਿਵੇਸ਼ ਕਰਨ ਦੀ ਪ੍ਰਵਾਨਗੀ ਦਿਤੀ ਹੈ। ਇਸੇ ਪ੍ਰਕਾਰ ਕੇਂਦਰੀ ਸਹਿਕਾਰੀ ਬੈਂਕ ਵੀ ਆਪਣੇ ਵਾਧੂ ਫੰਡਾਂ ਨੂੰ ਕਾਲ ਤੇ ਥੋੜ੍ਹ ਚਿਰੀ ਅਮਾਨਤਾਂ ਵਿਚ ਰਾਜ ਸਹਿਕਾਰੀ ਬੈਂਕ/ਵਪਾਰਕ ਬੈਂਕਾਂ ਵਿਚ ਲਗਾ ਸਕਦੇ ਹਨ ਬਸ਼ਰਤੇ ਨਾਬਾਰਡ ਤੋਂ ਕਰਜ਼ ਲੈਣ ਲਈ ਐਨ ਓ.ਡੀ. ਸੀ. ਵਿਚ ਕੋਈ ਘਾਟਾ ਨਹੀਂ ਹੋਣਾ ਚਾਹੀਦਾ। ਬੈਂਕ ਵਲੋਂ ਵਪਾਰਕ ਬੈਂਕਾਂ 'ਚ ਰੱਖੀਆਂ ਗਈਆਂ ਕਾਲ ਡਿਪਾਜ਼ਿਟਾਂ ਅਤੇ ਥੋੜ੍ਹੇ ਸਮੇਂ ਦੀਆਂ ਡਿਪਾਜ਼ਿਟਾਂ 31.3.2022 ਨੂੰ 2044.68 ਕਰੋੜ ਰੁਪਏ ਦੀਆਂ ਸਨ।

## ਪੇਸ਼ਗੀਆਂ :

ਕਰਜ਼ੇ/ਪੇਸ਼ਗੀਆਂ ਦੀ ਪਿਛਲੇ ਤਿੰਨ ਸਾਲਾਂ ਦੀ ਸਥਿਤੀ ਸਾਲ ਦੇ ਅੰਤ ਤੇ ਖੜੋਤੇ ਬਕਾਇਆਂ ਨਾਲ ਹੇਠਾਂ ਦਿਤੀ ਜਾ ਰਹੀ ਹੈ :-

(ਰਕਮ ਲੱਖਾਂ ਵਿੱਚ)

| ਮੰਤਵ | | ਬਕਾਇਆ 31.3.2020 | ਬਕਾਇਆ 31.3.2021 | ਬਕਾਇਆ 31.3.2022 |
|---|---|---|---|---|
| **ਕੇਂਦਰੀ ਸਹਿਕਾਰੀ ਬੈਂਕਾਂ ਨੂੰ ਕਰਜ਼ੇ, ਕੈਸ਼ ਕਰੈਡਿਟ ਅਤੇ ਓਵਰ ਡਰਾਫਟ** | | | | |
| **ੳ** | **ਕੇਂਦਰੀ ਬੈਂਕਾਂ ਨੂੰ ਥੋੜ੍ਹ ਚਿਰੇ ਕਰਜ਼** | | | |
| 1 | ਕੇਂਦਰੀ ਬੈਂਕਾਂ ਨੂੰ ਥੋੜ੍ਹੇ ਸਮੇਂ ਦੇ ਖੇਤੀ ਮੰਤਵ ਲਈ | 382831.00 | 306205.00 | 298210.00 |
| 2 | ਤੇਲ ਬੀਜਾਂ ਲਈ | 959.00 | 800.00 | 800.00 |
| 3 | ਐਸ. ਐਲ. ਟੀ. ਐਫ. | ........ | 100000.00 | 85000.00 |
| 4 | ਐਸ.ਟੀ. ਲੋਨ ਅਗੇਂਸਟ ਗੁੱਡ ਸਿਗਨੇਚਰ ਐਗਰੀ. | 20979.00 | 19150.00 | 39955.00 |

| | | | | |
|---|---|---|---|---|
| 5 | ਕੇਂਦਰੀ ਬੈਂਕਾਂ ਅਤੇ ਏ.ਆਈ.ਐਮ.ਏ.ਐਸ. ਤਹਿਤ ਓਵਰ ਡਰਾਫਟ | 0.00 | 0.00 | 0.00 |
| 6 | ਕੇਂਦਰੀ ਬੈਂਕਾਂ ਨੂੰ ਖਾਦਾਂ ਲਈ ਕੈਸ਼ ਕਰੈਡਿਟ | 207.60 | 14.97 | 0.20 |
| 7 | ਕੇਂਦਰੀ ਬੈਂਕਾਂ ਨੂੰ ਰਿਵਾਲਵਿੰਗ ਕੈਸ਼ ਕਰੈਡਿਟ ਲਿਮਟ | 3600.00 | ....... | ........ |
| 8 | ਐਸ.ਟੀ. ਨਾਨ ਐਗਰੀ ਸੋਸਾਇਟੀ | ...... | ...... | ........ |
| 9. | ਐਸ.ਟੀ.ਲੋਨ ਐਸ.ਏ.ਡੀ.ਬੀ. | 19579.45 | ........ | ....... |
| 10. | ਐਫ.ਡੀ. ਉੱਪਰ ਕਰਜ਼ੇ (ਕੇਂਦਰੀ ਸਹਿਕਾਰੀ ਬੈਂਕ) | 250.00 | 3201.40 | ....... |
| **ਅ** | **ਕੇਂਦਰੀ ਬੈਂਕਾਂ ਨੂੰ ਦਰਮਿਆਨੇ ਅਤੇ ਲੰਮੇਂ ਸਮੇਂ ਦੇ ਕਰਜ਼ੇ :** | | | |
| 1 | ਏ.ਆਰ.ਐਫ.ਐਸ.ਗੈਰ ਜ਼ਰਾਇਤੀ<br>ਸੈਕਟਰ ਤਹਿਤ ਕੇਂਦਰੀ ਬੈਂਕਾਂ ਨੂੰ ਮਿਆਦੀ ਕਰਜ਼ੇ | 53.89 | 0.00 | 1991.56 |
| 2 | ਖੇਤੀ ਸੈਕਟਰ ਤਹਿਤ ਕੇਂਦਰੀ ਬੈਂਕਾਂ ਨੂੰ ਮਿਆਦੀ ਕਰਜ਼ੇ | 30902.97 | 20273.63 | 19386.12 |
| 3 | ਪੇਂਡੂ ਮਕਾਨ ਉਸਾਰੀ ਤਹਿਤ ਕੇਂਦਰੀ ਬੈਂਕਾਂ ਨੂੰ ਮਿਆਦੀ ਕਰਜ਼ੇ | 1549.43 | 1231.87 | 928.08 |
| **ੲ** | **ਵਿਅਕਤੀਗਤ ਕਰਜ਼ੇ (ਬਰਾਂਚਾਂ):** | | | |
| 1 | ਸੰਗਠਤ ਮਿਆਦੀ ਕਰਜ਼ੇ | 269.31 | 269.31 | 144.44 |
| 2 | ਵਿਅਕਤੀਗਤ ਖਪਤਕਾਰ ਕਰਜ਼ੇ | 779.96 | 712.76 | 812.11 |
| 3 | ਵਾਹਨ ਕਰਜ਼ੇ | 186.48 | 152.04 | 143.01 |
| 4 | ਨਿਜੀ ਕਰਜ਼ੇ | 5455.72 | 5416.35 | 7062.54 |
| 5 | ਕੈਸ਼ ਕਰੈਡਿਟ ਲਿਮਟ | 380.46 | 349.32 | 349.10 |
| 6 | ਐਫ.ਡੀ., ਐਨ.ਐਸ.ਸੀ, ਐਲ.ਟੀ.ਡੀ., ਆਰ.ਡੀ. ਉਪਰ ਕਰਜ਼ੇ | 2117.21 | 1190.02 | 10183.59 |
| 7 | ਮਕਾਨ ਉਸਾਰੀ ਕਰਜ਼ੇ | 747.84 | 534.92 | 405.91 |
| 8 | ਪੜ੍ਹਾਈ ਵਾਸਤੇ ਕਰਜ਼ੇ | 388.80 | 237.88 | 175.40 |
| 9 | ਐਸ.ਟੀ. ਲੋਨ ਗਮਾਡਾ | 76.33 | 76.08 | 62.78 |

| | | | | |
|---|---|---|---|---|
| **ਸ** | **ਸਟਾਫ ਨੂੰ ਕਰਜ਼ੇ :** | | | |
| 1 | ਕਣਕ ਖਰੀਦਣ ਲਈ ਕਰਜ਼ੇ | 0.08 | 0.04 | 0.04 |
| 2 | ਮਕਾਨ ਉਸਾਰੀ ਲਈ ਕਰਜ਼ੇ | 375.99 | 336.40 | 445.78 |
| 3 | ਕਾਰ ਤੇ ਸਕੂਟਰ ਖਰੀਦਣ ਲਈ ਕਰਜ਼ੇ | 30.34 | 46.42 | 89.98 |
| 4 | ਸਟਾਫ ਲਈ ਫੈਸਟੀਵਲ ਲੋਨ | 0.01 | 0.23 | 0.41 |
| 5 | ਐਸ.ਬੀ. (ਓ. ਡੀ.) ਉਪਰ ਕਰਜ਼ੇ | 479.49 | 480.09 | 457.84 |
| **ਹ.** | **ਕੰਸੋਰਟੀਅਮ ਤਹਿਤ ਸਭਾਵਾਂ ਨੂੰ ਕੈਸ਼ ਕਰੈਡਿਟ ਅਤੇ ਥੋੜ੍ਹੇ ਸਮੇਂ ਦੇ ਕਰਜ਼ੇ ਅਤੇ ਪੇਸ਼ਗੀਆਂ :** | | | |
| 1 | ਸ਼ੂਗਰ ਮਿੱਲ ਨੂੰ ਕੈਸ਼ ਕਰੈਡਿਟ (ਕੋਨਸੋਰਟਿਅਮ) | 13228.15 | 17568.89 | 20338.60 |
| 2 | ਫੂਡ ਕਰੈਡਿਟ ਕੰਸਰੋਟੀਅਮ ਨੂੰ ਪੇਸ਼ਗੀ | 37857.00 | 38365.26 | 38971.01 |
| 3 | ਪਨਵਾਇਰ ਮੋਬਾਈਲ ਕਮਿਊਨੀਕੇਸ਼ਨ | 2670.31 | 2670.32 | 2670.32 |
| 4 | ਇਫਕੋ ਕੰਸੋਰਟੀਅਮ ਨੂੰ ਪੇਸ਼ਗੀਆਂ | 0.00 | 0.00 | 0.00 |
| 5 | ਐਲ.ਟੀ. ਪੀ.ਆਰ.ਡੀ.ਬੀ. ਪ੍ਰੋਜੈਕਟ 2013-14 | 0.00 | 0.00 | 0.00 |
| **ਕ.** | **ਸਭਾਵਾਂ ਨੂੰ ਲੰਮੇਂ ਅਤੇ ਦਰਮਿਆਨੇ ਸਮੇਂ ਦੇ ਕਰਜ਼ੇ :** | | | |
| 1 | ਪ੍ਰਾਇਮਰੀ ਖੇਤੀ ਸਭਾਵਾਂ ਨੂੰ ਗੋਦਾਮ ਬਣਾਉਣ ਲਈ (ਵਿਸ਼ਵ ਬੈਂਕ 1-ਆਰ.ਜੀ. 2- ਆਰ.ਜੀ. 5-ਆਰ.ਜੀ. ਤਹਿਤ ਕਰਜ਼ੇ | 103.93 | 103.93 | 103.93 |
| 2 | ਐਨ.ਸੀ.ਡੀ.ਸੀ. ਸਕੀਮ ਤਹਿਤ ਕਤਾਈ ਮਿਲਾਂ ਨੂੰ ਕਰਜ਼ੇ (ਬਠਿੰਡਾ ਸੰਗਠਿਤ ਕਤਾਈ ਮਿੱਲ) | 1500.00 | 1500.00 | 1500.00 |
| 3 | ਐਮ ਟੀ -ਲੋਨ ਸ਼ੂਗਰ ਮਿੱਲਜ਼ | 5852.64 | 3866.80 | 940.49 |
| 4 | ਐਲ.ਟੀ. ਫੂੱਡ ਕੰਸਟੋਰਿਅਮ | 14643.00 | 14134.74 | 13528.09 |
| 5 | ਐਮ.ਟੀ. ਮੰਡੀ ਬੋਰਡ ਕੰਸੋਰਟੀਅਮ | 17932.00 | 12932.00 | 7932.00 |
| | **ਕੁੱਲ (ੳ+ਅ+ੲ+ਸ+ਹ+ਕ)** | **565987.41** | **551820.67** | **552589.18** |

## ਕੇਂਦਰੀ ਸਹਿਕਾਰੀ ਬੈਂਕਾਂ ਨੂੰ ਕਰਜ਼ੇ :

### ਥੋੜ੍ਹੀ ਮਿਆਦ ਦੇ ਖੇਤੀਬਾੜੀ/ਤੇਲ ਬੀਜਾਂ ਲਈ ਕਰਜ਼ੇ :

ਬੈਂਕ ਨੇ ਸਾਲ 2021-22 ਦੌਰਾਨ ਖੇਤੀਬਾੜੀ ਦੇ ਫਸਲੀ ਕਾਰਜਾਂ ਲਈ 4239.65 ਕਰੋੜ ਰੁਪਏ ਦਿੱਤੇ ਜਿਨ੍ਹਾਂ ਵਿੱਚੋਂ 8 ਕਰੋੜ ਤੇਲ ਬੀਜ਼ ਫਸਲਾਂ ਲਈ ਅਤੇ 3832.10 ਕਰੋੜ ਰੁਪਏ ਐਸ.ਏ.ਓ., ਐਸ.ਐਲ.ਟੀ.ਐਫ. ਅਤੇ ਬੈਂਕ ਵੱਲੋਂ ਆਪਣੇ ਫੰਡਾਂ ਵਿੱਚੋਂ 399.55 ਕਰੋੜ ਰੁਪਏ ਲੋਨ ਅਗੇਸਟ ਗੁੱਡ ਸਿਗਨੇਚਰ ਵਿੱਚ ਦਿੱਤੇ।

## ਥੋੜ੍ਹੀ ਮਿਆਦ ਦੇ ਖੇਤੀਬਾੜੀ ਕਰਜ਼ੇ :

ਪੰਜਾਬ ਇਕ ਖੇਤੀ ਪ੍ਰਧਾਨ ਰਾਜ ਹੋਣ ਦੇ ਨਾਤੇ 1967 ਤੋਂ ਬਾਅਦ ਜਦੋਂ ਤੋਂ ਖੇਤੀ ਉਤਪਾਦਨ ਲਈ ਫਸਲੀ ਕਰਜ਼ਾ ਦਿਤਾ ਜਾਣਾ ਸ਼ੁਰੂ ਹੋਇਆ, ਉਦੋਂ ਤੋਂ ਇਹ ਅੰਨ ਉਤਪਾਦਨ ਦੇ ਸਬੰਧ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੇ ਯੋਗ ਹੋ ਗਿਆ ਹੈ। ਹੁਣ ਇਹ ਕਰਜ਼ਾ ਕਿਸਾਨ ਕਰੈਡਿਟ ਕਾਰਡ ਸਕੀਮ ਅਧੀਨ ਦਿੱਤਾ ਜਾਂਦਾ ਹੈ। ਇਸ ਸਕੀਮ ਤਹਿਤ ਕਿਸਾਨ ਆਪਣੀ ਮਰਜੀ ਨਾਲ ਸੌਖਿਆਂ ਪੈਸੇ ਲੈ ਸਕਦੇ ਹਨ ਅਤੇ ਆਪਣੀ ਸੁਵਿਧਾ ਮੁਤਾਬਿਕ ਮੋੜ ਸਕਦੇ ਹਨ। ਇਹ ਸਕੀਮ ਲਾਗੂ ਹੋਣ ਤੋਂ ਮਾਰਚ 2022 ਦੇ ਅੰਤ ਤੱਕ 1018616 ਕਾਰਡ ਜਾਰੀ ਕੀਤੇ ਗਏ। ਸਾਲ 2021-22 ਦੌਰਾਨ ਮਾਰਚ 2022 ਦੇ ਅੰਤ ਤੱਕ 15808 ਕੇ.ਸੀ.ਸੀ. ਕਾਰਡ ਧਾਰਕਾਂ ਨੂੰ 15383.64 ਲੱਖ ਦੀ ਲਿਮਟ ਮੰਨਜ਼ੂਰ ਕੀਤੀ ਗਈ ਸੀ।

ਪਿਛਲੇ 10 ਸਾਲਾਂ ਦਾ ਕੇਂਦਰੀ ਸਹਿਕਾਰੀ ਬੈਂਕਾਂ ਦੁਆਰਾ ਦਿੱਤਾ ਗਿਆ ਖੇਤੀਬਾੜੀ ਖੇਤਰ ਲਈ ਫਸਲੀ ਕਰਜ਼ਾ ਇਸ ਪ੍ਰਕਾਰ ਹੈ :

(ਰਕਮ ਕਰੋੜਾਂ ਵਿਚ)

| ਸਾਲ | ਪ੍ਰਾਪਤੀਆਂ ਨਗਦ | ਪ੍ਰਾਪਤੀਆਂ ਜਿਣਸੀ | ਪ੍ਰਾਪਤੀਆਂ ਕੁੱਲ | ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਕੁੱਲ ਕਰਜ਼ੇ | ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਕਰਜ਼ੇ ਦੀ ਪ੍ਰਤੀਸ਼ਤਤਾ |
|---|---|---|---|---|---|
| 2012-2013 | 8658.28 | 2062.23 | 10720.51 | 6733.49 | 62.81% |
| 2013-2014 | 9465.50 | 2090.16 | 11555.53 | 8776.33 | 75.95% |
| 2014-2015 | 10513.98 | 2302.17 | 12816.15 | 9698.63 | 75.68% |
| 2015-2016 | 10119.97 | 2415.13 | 12535.10 | 9849.76 | 78.50% |
| 2016-2017 | 8560.92 | 2175.81 | 10736.73 | 5354.78 | 49.87% |
| 2017-2018 | 6864.68 | 1778.44 | 8643.12 | 6148.99 | 71.14% |
| 2018-2019 | 6998.49 | 1780.52 | 8779.01 | 6474.81 | 73.75% |
| 2019-2020 | 8205.10 | 1988.20 | 10193.30 | 6984.03 | 68.52% |
| 2020-2021 | 8131.98 | 1765.00 | 9896.98 | 6807.36 | 68.78% |
| 2021-2022 | 8207.46 | 1932.47 | 10139.93 | 6961.36 | 68.65% |

## ਥੋੜ੍ਹ ਚਿਰੇ ਖੇਤੀ ਕਰਜ਼ਿਆਂ ਦੀ ਵਸੂਲੀ :

ਸਾਲ 2021-22 ਦੌਰਾਨ ਥੋੜ੍ਹੀ ਮਿਆਦ ਦੇ ਖੇਤੀ ਕਰਜ਼ਿਆਂ ਦੀ ਵਸੂਲੀ 65.28% ਰਹੀ ਜਦਕਿ ਸਾਲ 2020-21 ਦੌਰਾਨ ਇਹ 61.28% ਸੀ। ਵਸੂਲੀ ਦਾ ਪਿਛਲੇ ਸਾਲਾਂ ਦਾ ਤੁਲਨਾਤਮਕ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ।

| ਸਾਲ | ਵਸੂਲੀ ਪ੍ਰਤੀਸ਼ਤ (ਸੀ.ਸੀ. ਬੀ.) |
|---|---|
| 2016-2017 | 69.40 |
| 2017-2018 | 76.16 |
| 2018-2019 | 81.42 |
| 2019-2020 | 79.43 |
| 2020-2021 | 61.28 |
| 2021-2022 | 65.28 |

## ਸਹਿਕਾਰੀ ਸਭਾਵਾਂ ਦੇ ਨਾਨ-ਐਗਰੀ ਮੈਂਬਰਾਂ ਨੂੰ ਥੋੜ੍ਹੀ ਮਿਆਦ ਦੇ ਕਰਜ਼ੇ :

ਪੰਜਾਬ ਵਿਚ ਸਭਾਵਾਂ ਦੇ ਗੈਰ ਖੇਤੀ ਮੈਂਬਰਾਂ ਦੀਆਂ ਵਿੱਤੀ ਲੋੜਾਂ ਨੂੰ ਵੀ ਥੋੜ੍ਹੇ ਸਮੇਂ ਦੇ ਕਰਜ਼ੇ ਰਾਹੀਂ ਹੀ ਪੂਰਾ ਕੀਤਾ ਜਾਂਦਾ ਹੈ ਤਾਂ ਕਿ ਉਹ ਆਟਾ, ਦਾਲਾਂ, ਵਨਸਪਤੀ ਅਤੇ ਕੰਟਰੋਲਡ ਕੱਪੜਾ ਪੇਂਡੂ ਵਿਤਰਣ ਪ੍ਰਣਾਲੀ ਦੇ ਤਹਿਤ ਨਿਰਧਾਰਤ ਵਸਤਾਂ ਖਰੀਦ ਕਰਨ ਦੇ ਯੋਗ ਹੋ ਸਕਣ। ਕਰਜ਼ੇ ਦੀ ਰਾਸ਼ੀ ਦਾ ਸਮੇਂ ਸਮੇਂ ਤੇ ਮੁਲਾਂਕਣ ਕੀਤਾ ਜਾਂਦਾ ਹੈ। ਜੇਕਰ ਕਰਜ਼ਾ ਰਾਸ਼ੀ ਵਿਚ ਵਾਧੇ ਦੀ ਜਰੂਰਤ ਹੋਵੇ ਤਾਂ ਇਹ ਵਾਧਾ ਵੀ ਕੀਤਾ ਜਾਂਦਾ ਹੈ। ਗੈਰ ਖੇਤੀ ਮੈਂਬਰਾਂ ਨੂੰ ਕਰਜ਼ਾ ਨਗਦ ਤੇ ਜਿਣਸੀ ਰੂਪ ਵਿਚ ਦਿਤਾ ਜਾਂਦਾ ਹੈ।

ਸਾਲ 2021-2022 ਦੌਰਾਨ, ਮੁੱਢਲੀਆਂ ਸਹਿਕਾਰੀ ਖੇਤੀ ਸਭਾਵਾਂ ਦੇ ਗੈਰ ਕਾਸ਼ਤਕਾਰ ਮੈਂਬਰਾਂ ਨੂੰ 95.39 ਕਰੋੜ ਰੁਪਏ ਦਾ ਕਰਜ਼ਾ ਉਨ੍ਹਾਂ ਦੀਆਂ ਖਪਤਕਾਰੀ ਜ਼ਰੂਰਤਾਂ ਪੂਰੀਆਂ ਕਰਨ ਲਈ ਦਿੱਤਾ ਗਿਆ ਸੀ।

## ਕੇਂਦਰੀ ਸਹਿਕਾਰੀ ਬੈਂਕਾਂ ਨੂੰ ਮੁਢਲੀਆਂ ਖੇਤੀਬਾੜੀ ਸਭਾਵਾਂ ਦੁਆਰਾ ਖਾਦ ਦੀ ਖਰੀਦ ਤੇ ਵੰਡ ਲਈ ਕਰਜ਼ਾ ਸਹਾਇਤਾ :

ਫਸਲੀ ਕਰਜ਼ਾ ਪ੍ਰਬੰਧ ਤਹਿਤ ਕਿਸਾਨਾਂ ਨੂੰ ਪ੍ਰਦਾਨ ਕੀਤੀ ਜਾ ਰਹੀ ਸਹਿਕਾਰੀ ਰਿਣ ਬਣਤਰ ਵਿੱਚ ਖਾਦਾਂ ਦੀ ਵੰਡ ਦੀ ਬੇਹੱਦ ਅਹਿਮੀਅਤ ਹੈ। ਬੁਨਿਆਦੀ ਖੇਤੀ ਸਹਿਕਾਰੀ ਸਭਾਵਾਂ ਵਲੋਂ ਖਾਦ/ਕੀਟਨਾਸ਼ਕਾਂ ਤੇ ਬੀਜਾਂ ਦੇ ਭੰਡਾਰਣ ਅਤੇ ਵਿਤਰਣ ਲਈ ਬੈਂਕ ਵਲੋਂ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਰਿਣ ਸੁਵਿਧਾ ਪ੍ਰਦਾਨ ਕੀਤੀ ਗਈ ਹੈ। ਇਸ ਉਦੇਸ਼ ਲਈ 2021-22 ਦੌਰਾਨ 223.00 ਕਰੋੜ ਰੁਪਏ ਦੀਆਂ ਕੈਸ਼ ਕਰੈਡਿਟ ਲਿਮਟਾਂ ਮੰਨਜ਼ੂਰ ਕੀਤੀਆਂ ਗਈਆਂ। ਜਿਨ੍ਹਾਂ ਦਾ ਵੇਰਵਾ ਨਿਮਨਲਿਖਿਤ ਅਨੁਸਾਰ ਹੈ।

(ਰਕਮ ਕਰੋੜਾਂ ਵਿਚ)

| ਲੜੀ ਨੰ | ਕੇਂਦਰੀ ਸਹਿਕਾਰੀ ਬੈਂਕ ਦਾ ਨਾਂ | ਮਨਜ਼ੂਰ ਕਿੱਤੀਆਂ ਲਿਮਟਾਂ | |
|---|---|---|---|
| | | 2020-2021 | 2021-2022 |
| 1 | ਅੰਮ੍ਰਿਤਸਰ | ....... | ....... |
| 2 | ਬਠਿੰਡਾ | 30.00 | 20.00 |
| 3 | ਫਰੀਦਕੋਟ | 10.00 | 10.00 |
| 4 | ਫਾਜਿਲਕਾ | 30.00 | 20.00 |
| 5 | ਫਤਿਹਗੜ੍ਹ ਸਾਹਿਬ | 10.00 | 10.00 |
| 6 | ਫਿਰੋਜ਼ਪੁਰ | 50.00 | 40.00 |
| 7 | ਗੁਰਦਾਸਪੁਰ | 6.00 | 6.00 |
| 8 | ਲੁਧਿਆਣਾ | --- | --- |
| 9 | ਮੋਗਾ | 10.00 | 10.00 |
| 10 | ਪਟਿਆਲਾ | 20.00 | 15.00 |
| 11 | ਮਾਨਸਾ | 22.00 | 22.00 |
| 12 | ਸੰਗਰੂਰ | 60.00 | 30.00 |
| 13 | ਮੁਕਤਸਰ | 25.00 | 20.00 |
| 14 | ਤਰਨਤਾਰਨ | 30.00 | 20.00 |
| | **ਜੋੜ** | **303.00** | **223.00** |

### ਕੇਂਦਰੀ ਸਹਿਕਾਰੀ ਬੈਂਕਾਂ ਨੂੰ ਓਵਰ ਡਰਾਫਟ ਦੀ ਸਹੂਲਤ :

ਕੇਂਦਰੀ ਸਹਿਕਾਰੀ ਬੈਂਕਾਂ ਨੂੰ ਆਰਜ਼ੀ ਤੌਰ ਤੇ ਓਵਰ ਡਰਾਫਟ ਦੀ ਸਹੂਲਤ ਵੀ ਦਿੱਤੀ ਹੋਈ ਹੈ ਤਾਂ ਕਿ ਉਹ ਆਪਣੇ ਡੈਬਿਟ ਨੋਟ ਨੂੰ Honour ਕਰਾ ਸਕਣ।

### ਸਹਿਕਾਰੀ ਖੰਡ ਮਿਲਾਂ ਨੂੰ ਕਰਜ਼ਾ ਦੇਣ ਵਿਚ ਬੈਂਕ ਦਾ ਰੋਲ :

ਸਹਿਕਾਰੀ ਖੰਡ ਮਿੱਲਾਂ ਦੀ ਵਰਕਿੰਗ ਕੈਪੀਟਲ ਕਰਜ਼ੇ ਦੀ ਜਰੂਰਤ ਸਹਿਕਾਰੀ ਬੈਂਕਾਂ ਦੁਆਰਾ ਪੂਰੀ ਕੀਤੀ ਜਾ ਰਹੀ ਹੈ। ਪੰਜਾਬ ਰਾਜ ਸਹਿਕਾਰੀ ਬੈਂਕ ਵੀ ਇਸ ਖੇਤਰ ਵਿਚ ਮਹੱਤਵਪੂਰਨ ਰੋਲ ਨਿਭਾ ਰਿਹਾ ਹੈ। ਇਸ ਬੈਂਕ ਵਲੋਂ ਕੇਂਦਰੀ ਸਹਿਕਾਰੀ ਬੈਂਕਾਂ ਲਈ ਕਰੈਡਿਟ ਲਿਮਟ ਮੰਨਜੂਰ ਕੀਤੀ ਜਾਂਦੀ ਹੈ ਤਾਂ ਕਿ ਉਹ ਮਿਲਾਂ ਲਈ ਕਾਰੋਬਾਰੀ ਕਰਜ਼ਾ ਜੋ ਖੰਡ ਉਤਪਾਦਨ ਲਈ ਲੋੜੀਂਦਾ ਹੈ ਨੂੰ ਜਾਰੀ ਕਰ ਸਕਣ। ਸਧਾਰਨ ਤੌਰ ਤੇ ਖੰਡ ਮਿਲਾਂ ਕੇਂਦਰੀ ਸਹਿਕਾਰੀ ਬੈਂਕਾਂ ਤੋਂ ਕਾਰੋਬਾਰੀ ਸਰਮਾਇਆ ਪ੍ਰਾਪਤ ਕਰਦੀਆਂ ਹਨ ਇਸਦੇ ਲਈ ਜਰੂਰਤ ਦੇ ਸਮੇਂ ਰਾਜ ਸਹਿਕਾਰੀ ਬੈਂਕ ਦੁਆਰਾ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਕੈਸ਼ ਕਰੈਡਿਟ ਲਿਮਟ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਇਹ ਲਿਮਟਾਂ ਨਾਬਾਰਡ ਦੀ ਕਰਜ਼ਾ ਨਿਗਰਾਨੀ ਪ੍ਰਬੰਧ ਯੋਜਨਾ 'ਤੇ ਆਧਾਰਤ ਹੁੰਦੀਆਂ ਹਨ।

### ਸਹਿਕਾਰੀ ਖੰਡ ਮਿੱਲਾਂ ਨੂੰ ਪੈਸਾ ਦੇਣ ਲਈ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਸਹਾਇਤਾ :

ਰਾਜ ਸਹਿਕਾਰੀ ਬੈਂਕ ਨੇ ਸਹਿਕਾਰੀ ਖੰਡ ਮਿੱਲਾਂ ਦੀਆਂ ਕਾਰਜ ਪੂੰਜੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੰਸੋਰਟੀਅਮ ਪ੍ਰਬੰਧਾਂ ਤਹਿਤ ਸਹਿਕਾਰੀ ਖੰਡ ਮਿੱਲਾਂ ਨੂੰ ਕੈਸ਼ ਕਰੈਡਿਟ ਲਿਮਟ ਮਨਜੂਰ ਕੀਤੀ ਹੈ। ਇਸ ਮਕਸਦ ਲਈ ਸਹਿਕਾਰੀ ਖੰਡ ਮਿਲਾਂ ਨੂੰ 23,323.00 ਲੱਖ ਦੀ ਲਿਮਟ ਮਨਜੂਰ ਕੀਤੀ ਸੀ ਜਿਸ ਵਿਚੋਂ 31.3.2022 ਨੂੰ 20338.60 ਲੱਖ ਰੁਪਏ ਖੜ੍ਹੇ ਸਨ। ਇਸ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਸੀਸੀਬੀ/ਖੰਡ ਮਿੱਲ ਦਾ ਨਾਮ | 2020-21 ਮਨਜ਼ੂਰ ਕੀਤੀ ਗਈ ਲਿਮਟ | 2020-21 ਬਕਾਇਆ | 2021-22 ਮਨਜ਼ੂਰ ਕੀਤੀ ਗਈ ਲਿਮਟ | 2021-22 ਬਕਾਇਆ |
|---|---|---|---|---|---|
| 1 | ਅੰਮ੍ਰਿਤਸਰ/ਅਜਨਾਲਾ | 4064.90 | 3487.70 | 4188.00 | 3857.70 |
| 2 | ਗੁਰਦਾਸਪੁਰ/ਗੁਰਦਾਸਪੁਰ | 4931.00 | 4101.00 | 5517.00 | 5233.38 |
| 3 | ਗੁਰਦਾਸਪੁਰ/ਬਟਾਲਾ | 3445.00 | 2796.00 | 3389.00 | 3328.00 |
| 4 | ਨਵਾਂਸ਼ਹਿਰ/ਨਵਾਂਸ਼ਹਿਰ | ----- | ----- | ----- | ----- |
| 5 | ਫਾਜ਼ਿਲਕਾ/ਫਾਜ਼ਿਲਕਾ | 923.00 | Nil | 902.00 | Nil |
| 6 | ਰੋਪੜ/ਮੋਰਿੰਡਾ | 6968.00 | 4984.19 | 4933.00 | 4169.52 |
| 7 | ਜਲੰਧਰ/ਭੋਗਪੁਰ | 3533.75 | 2200.00 | 4394.00 | 3750.00 |
| 8 | ਜਲੰਧਰ/ਨਕੋਦਰ | 1170.15 | Nil | 0.00 | Nil |
| | **ਕੁੱਲ ਜੋੜ** | **25035.80** | **17568.89** | **23323.00** | **20338.60** |

ਉਪਰੋਕਤ ਤੋਂ ਇਲਾਵਾ ਇਸ ਬੈਂਕ ਵੱਲੋਂ ਸਾਲ 2021-22 ਦੌਰਾਨ ਸਹਿਕਾਰੀ ਖੰਡ ਮਿੱਲਾਂ ਦਾ 9.40 ਕਰੋੜ ਰੁਪਏ ਦਾ ਕਰਜ਼ਾ ਬਕਾਇਆ ਹੈ।

## ਕਨਸੋਰਟੀਅਮ ਦੇ ਤਹਿਤ ਕਰਜ਼ਾ :

(1) ਬੈਂਕ ਨੂੰ ਨੈਸ਼ਨਲ ਲੈਵਲ ਕੰਸੋਰਟੀਅਮ ਵਿਚ ਹਿੱਸਾ ਦਿੱਤਾ ਹੋਇਆ ਹੈ। ਸਾਲ 1988-89 'ਚ ਬੈਂਕ ਨੂੰ ਸਟੇਟ ਬੈਂਕ ਆਫ ਇੰਡੀਆ ਦੀ ਅਗਵਾਈ ਹੇਠਲੇ ਖੁਰਾਕ ਰਿਣ ਕੰਸੋਰਟੀਅਮ ਦਾ ਮੈਂਬਰ ਬਣਾਇਆ ਗਿਆ ਸੀ। ਇਹ ਕੰਸੋਰਟੀਅਮ, ਭਾਰਤੀ ਖੁਰਾਕ ਨਿਗਮ ਦੀਆਂ ਖੁਰਾਕ ਗਤੀਵਿਧੀਆਂ ਦੀ ਫਾਈਨਾਂਸਿੰਗ ਲਈ ਹੈ। ਬੈਂਕ ਦਾ ਇਸ ਕੰਸੋਰਟੀਅਮ ਵਿੱਚ ਹਿੱਸਾ 31.03.2022 ਨੂੰ 525.00 ਕਰੋੜ ਰੁਪਏ ਸੀ।

## (2) ਮੰਡੀ ਬੋਰਡ ਕੰਸੋਰਟੀਅਮ

ਮੰਡੀ ਬੋਰਡ ਨੂੰ ਕੰਸੋਰਟਿਅਮ ਤਹਿਤ ਕਰਜ਼ਾ ਜਾਰੀ ਕੀਤਾ ਗਿਆ ਹੈ। ਮਿਤੀ 31.3.2022 ਨੂੰ ਇਸ ਕੰਸੋਰਟਿਅਮ ਵਿੱਚ ਬਕਾਇਆ ਕਰਜ਼ਾ 79.32 ਕਰੋੜ ਰੁਪਏ ਸੀ।

## ਸਟਾਫ ਨੂੰ ਪੇਸ਼ਗੀਆਂ :

ਬੈਂਕ ਆਪਣੇ ਮੁਲਾਜ਼ਮਾਂ ਨੂੰ ਵੱਖ ਵੱਖ ਮਕਸਦਾਂ ਲਈ ਜਿਵੇਂ ਮਕਾਨ ਬਣਾਉਣ, ਕਾਰ ਖਰੀਦਣ, ਸਕੂਟਰ ਖਰੀਦਣ ਆਦਿ ਲਈ ਕਰਜ਼ੇ ਦਿੰਦਾ ਹੈ। 31.3.2021 ਅਤੇ 31.3.2022 ਨੂੰ ਖੜ੍ਹੇ ਕਰਜ਼ਿਆਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

(ਰਕਮ ਲੱਖਾਂ ਵਿਚ)

| | | 31.03.2021 | 31.03.2022 |
|---|---|---|---|
| 1 | ਮਕਾਨ ਬਣਾਉਣ ਲਈ ਕਰਜ਼ਾ | 336.40 | 445.78 |
| 2 | ਕਾਰ ਕਰਜ਼ਾ | 46.42 | 89.98 |
| 3 | ਐਸਬੀ(ਓ ਡੀ), ਕਣਕ ਲੋਨ ਅਤੇ ਤਿਉਹਾਰਾਂ ਲਈ ਕਰਜ਼ਾ | 480.36 | 458.25 |

## ਰਿਵਾਲਵਿੰਗ ਕੈਸ਼ ਕਰੈਡਿਟ :

ਸਾਲ 1998 ਦੌਰਾਨ ਰਿਵਾਲਵਿੰਗ ਕੈਸ਼ ਕਰੈਡਿਟ ਨਾਂ ਦੀ ਇੱਕ ਨਵੀਂ ਯੋਜਨਾ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਦਾ ਉਦੇਸ਼ ਕਿਸਾਨਾਂ ਦੀਆਂ ਸਮਾਜਿਕ ਅਤੇ ਆਰਥਿਕ ਕਰਜ਼ਾ ਲੋੜਾਂ ਪੂਰੀਆਂ ਕਰਨਾ ਤੇ ਉਨ੍ਹਾਂ ਨੂੰ ਰਵਾਇਤੀ ਸ਼ਾਹੂਕਾਰਾਂ ਦੇ ਸ਼ਿਕੰਜੇ 'ਚੋਂ ਮੁਕਤ ਕਰਵਾਉਣਾ ਹੈ। ਇਸ ਯੋਜਨਾ ਤਹਿਤ ਵੱਧ ਤੋਂ ਵੱਧ 15 ਲੱਖ ਰੁਪਏ ਤੱਕ ਦੀਆਂ ਲਿਮਟਾਂ ਮੰਨਜ਼ੂਰ ਕੀਤੀਆਂ ਜਾਂਦੀਆਂ ਹਨ।



31.3.2022 ਤੱਕ ਕੇਂਦਰੀ ਸਹਿਕਾਰੀ ਬੈਂਕ ਕਿਸਾਨਾਂ ਨੂੰ 1082.57 ਕਰੋੜ ਰੁਪਏ ਦੀਆਂ ਕਰਜ਼ਾ ਲਿਮਟਾਂ ਮਨਜੂਰ ਕਰ ਚੁੱਕੇ ਹਨ ਜੋ 31.3.2021 ਤੱਕ 1206.15 ਕਰੋੜ ਰੁਪਏ ਦੀਆਂ ਸਨ। ਇਸ ਸਕੀਮ ਦੀ ਸਭ ਤੋਂ ਅਹਿਮ ਵਿਸ਼ੇਸ਼ਤਾ ਸਸਤੀ ਦਰ ਤੇ ਸੌਖਿਆਂ ਕਰਜ਼ ਉਪਲਬਧਤਾ ਹੈ। ਪੰਜਾਬ ਰਾਜ ਸਹਿਕਾਰੀ ਬੈਂਕ ਨੇ ਇਸ ਸਕੀਮ ਤਹਿਤ ਸਹਿਕਾਰੀ ਬੈਂਕਾਂ ਨੂੰ ਸਾਲ 2021-2022 ਦੌਰਾਨ 225 ਕਰੋੜ ਰੁਪਏ ਦੀਆਂ ਲਿਮਟਾਂ ਮੁਹੱਈਆ ਕਰਵਾਈਆਂ ਹਨ ।

## ਤਨਖਾਹਦਾਰ ਮੁਲਾਜ਼ਮਾਂ ਲਈ ਕੰਜਿਊਮਰ ਡਿਊਰੇਬਲ ਖਰੀਦ ਕਰਨ ਲਈ ਲੋਨ :



ਬੈਂਕ ਵੱਲੋਂ ਤਨਖਾਹਦਾਰ ਮੁਲਾਜ਼ਮਾਂ ਲਈ ਇਹ ਲੋਨ ਸਕੀਮ ਉਲੀਕੀ ਗਈ ਹੈ ਜਿਸ ਤਹਿਤ ਤਨਖ਼ਾਹਦਾਰ ਮੁਲਾਜ਼ਮਾਂ ਲਈ ਮੁੜ ਅਦਾਇਗੀ ਦੀ ਸਮਰੱਥਾ ਦੇ ਆਧਾਰ 'ਤੇ 2,00,000/- ਰੁਪਏ ਤੱਕ ਦੇ ਕਰਜ਼ੇ ਦੀ ਪੇਸ਼ਗੀ ਦਿੱਤੀ ਜਾਂਦੀ ਹੈ। ਬੈਂਕ ਵੱਲੋਂ ਇਸ ਸਕੀਮ ਤਹਿਤ 31.3.2022 ਤੱਕ 158.35 ਕਰੋੜ ਰੁਪਏ ਦੇ ਬਕਾਏ ਖੜ੍ਹੇ ਸਨ ਅਤੇ ਡੀ.ਸੀ.ਸੀ.ਬੀ. ਵੱਲੋਂ ਸਾਲ 2021-22 ਦੌਰਾਨ 43.08 ਕਰੋੜ ਰੁਪਏ ਦੇ ਐਡਵਾਂਸ ਲੋਨ ਦਿੱਤੇ ਗਏ ਹਨ।

## ਕਿਸਾਨਾਂ ਲਈ ਦੋ ਪਹੀਆ ਵਾਹਨ ਲੋਨ :



ਬੈਂਕ ਵਲੋਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਘਰੇਲੂ ਜ਼ਰੂਰਤਾਂ ਅਤੇ ਖੇਤੀ ਉਤਪਾਦਨ ਦੀਆਂ ਲੋੜਾਂ ਲਈ ਇਕ ਦੋ ਪਹੀਆਂ ਵਾਹਨ ਕਰਜ਼ਾ ਯੋਜਨਾ ਸ਼ੁਰੂ ਕੀਤੀ ਹੈ। ਹੁਣ ਕਿਸਾਨ ਦੋ ਪਹੀਆ ਵਾਹਨ ਦੀ ਕੀਮਤ ਦਾ 85% ਜਾਂ 75,000 ਰੁਪਏ ਜੋ ਵੀ ਘੱਟ ਹੋਵੇ, ਕੇਂਦਰੀ ਸਹਿਕਾਰੀ ਬੈਂਕ ਤੋਂ ਕਰਜ਼ੇ ਦੇ ਰੂਪ ਵਿੱਚ ਲੈ ਸਕਦਾ ਹੈ। 31.3.2022 ਤੱਕ ਪੰਜਾਬ ਰਾਜ ਵਿੱਚ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ 2.75 ਕਰੋੜ ਰੁਪਏ ਇਸ ਸਕੀਮ ਤਹਿਤ ਜਾਰੀ ਕੀਤੇ ਗਏ।



## ਮਕਾਨ ਉਸਾਰੀ ਯੋਜਨਾ :

ਕੇਂਦਰੀ ਸਹਿਕਾਰੀ ਬੈਂਕਾਂ ਨੂੰ ਨਵੰਬਰ 2001 ਤੋਂ ਮਕਾਨ ਉਸਾਰੀ ਲਈ ਕਰਜ਼ੇ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਕਰਜ਼ੇ ਨਿਰਮਾਣ, ਮੁਰੰਮਤ, ਵਿਸਥਾਰ ਅਤੇ ਨਵੀਨੀਕਰਣ ਲਈ ਦਿੱਤੇ ਜਾਂਦੇ ਹਨ ਤੇ ਇਨ੍ਹਾਂ ਕਰਜ਼ਿਆਂ ਦੀ ਵੱਧ ਤੋਂ ਵੱਧ ਸੀਮਾ 25.00 ਲੱਖ ਰੁਪਏ ਸ਼ਹਿਰੀ ਖੇਤਰਾਂ ਲਈ ਅਤੇ 15 ਲੱਖ ਰੁਪਏ ਪੇਂਡੂ ਖੇਤਰਾਂ ਲਈ ਹੈ। ਕਰਜ਼ੇ ਦੀ ਮਿਆਦ 5-15 ਸਾਲ ਹੈ। ਵਿੱਤੀ ਸਾਲ 2021-22 ਦੌਰਾਨ ਇਸ ਸਕੀਮ ਤਹਿਤ 22.85 ਕਰੋੜ ਰੁਪਏ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ ਅਤੇ 0.28 ਕਰੋੜ ਰੁਪਏ ਇਸ ਬੈਂਕ ਵੱਲੋਂ ਜਾਰੀ ਕੀਤੇ ਗਏ।



## ਨਿਜੀ ਕਰਜ਼ਾ ਯੋਜਨਾ :




ਇਹ ਸਕੀਮ 2002 ਵਿੱਚ ਪੰਜਾਬ ਰਾਜ ਸਹਿਕਾਰੀ ਬੈਂਕ ਦੀਆਂ ਸਾਰੀਆਂ ਬਰਾਂਚਾਂ ਅਤੇ ਪੰਜਾਬ ਰਾਜ ਵਿੱਚ ਸਾਰੀਆਂ 20 ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਸ਼ੁਰੂ ਕੀਤੀ ਗਈ ਹੈ। ਇਹ ਕਰਜ਼ਾ ਤਨਖਾਹਦਾਰ ਮੁਲਾਜ਼ਮਾਂ ਨੂੰ 8.00 ਲੱਖ ਰੁਪਏ ਤੱਕ ਦਿੱਤਾ ਜਾ ਸਕਦਾ ਹੈ। ਮਾਰਚ 2022 ਤੱਕ ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ 198.40 ਕਰੋੜ ਰੁਪਏ ਅਤੇ ਇਸ ਬੈਂਕ ਵੱਲੋਂ 40.55 ਕਰੋੜ ਰੁਪਏ ਦੇ ਨਿਜੀ ਕਰਜ਼ੇ ਜਾਰੀ ਕੀਤੇ ਗਏ ਹਨ।

## ਸਹਿਕਾਰੀ ਸਿੱਖਿਆ ਕਰਜ਼ਾ ਸਹੂਲਤ :



ਬੈਂਕ ਨੇ ਪੰਜਾਬ ਸਰਕਾਰ, ਚੰਡੀਗੜ੍ਹ ਪ੍ਰਸ਼ਾਸਨ, ਉਨ੍ਹਾਂ ਦੇ ਬੋਰਡਾਂ ਅਤੇ ਨਿਗਮਾਂ ਦੇ ਮੁਲਾਜ਼ਮਾਂ ਦੇ ਆਸ਼ਰਿਤਾਂ ਅਤੇ ਸਹਿਕਾਰੀ ਬੈਂਕਾਂ ਦੇ ਮੁਲਾਜ਼ਮਾਂ ਲਈ ਸਿੱਖਿਆ ਕਰਜ਼ਾ ਯੋਜਨਾ ਸ਼ੁਰੂ ਕੀਤੀ ਹੈ। ਇਸ ਯੋਜਨਾ ਤਹਿਤ ਪੜ੍ਹਾਈ ਲਈ 15.00 ਲੱਖ ਰੁਪਏ ਤੱਕ ਦਾ ਕਰਜ਼ਾ ਦਿੱਤਾ ਜਾਂਦਾ ਹੈ। ਇਸ ਕਰਜ਼ੇ ਦੀ ਵਾਪਸੀ ਦੀਆਂ ਸ਼ਰਤਾਂ ਲਚਕਦਾਰ ਹਨ। ਸਾਲ 2021-22 ਦੌਰਾਨ ਇਸ ਸਕੀਮ ਤਹਿਤ 0.39 ਕਰੋੜ ਰੁਪਏ ਇਸ ਬੈਂਕ ਪੱਧਰ ਤੇ ਅਤੇ 11.14 ਕਰੋੜ ਰੁਪਏ ਕੇਂਦਰੀ ਸਹਿਕਾਰੀ ਬੈਂਕ ਦੇ ਪੱਧਰ ਤੇ ਜਾਰੀ ਕੀਤੇ ਗਏ ਹਨ।

## ਲੋਨ ਅਗੇਂਸਟ ਪ੍ਰਾਪਰਟੀ



ਇਸ ਸਕੀਮ ਅਧੀਨ ਕੇਂਦਰੀ ਸਹਿਕਾਰੀ ਬੈਂਕ ਦੀਆਂ ਸ਼ਹਿਰੀ ਸ਼ਾਖਾਵਾਂ ਵਲੋਂ ਜਾਇਦਾਦ ਉਪਰ ਕਰਜ਼ਾ ਦਿੱਤਾ ਜਾਂਦਾ ਹੈ। ਇਹ ਕਰਜ਼ਾ ਵਿਅਕਤੀ ਦੀਆਂ ਜਰੂਰਤਾਂ, ਵਿਆਪਾਰਿਕ ਜ਼ਰੂਰਤਾਂ, ਬੱਚਿਆਂ ਦੀ ਪੜ੍ਹਾਈ ਅਤੇ ਬਿਮਾਰੀ ਆਦਿ ਵਾਸਤੇ ਦਿੱਤਾ ਜਾਂਦਾ ਹੈ। ਇਸ ਸਕੀਮ ਅਧੀਨ ਵਧੋ ਵੱਧ 25.00 ਲੱਖ ਕਰਜ਼ਾ ਦਿੱਤਾ ਜਾ ਸਕਦਾ ਹੈ। ਇਹ ਲੋਨ 6 ਸਾਲ ਦੇ ਅੰਦਰ ਅਦਾ ਕੀਤਾ ਜਾ ਸਕਦਾ ਹੈ।



## ਅਰਨੈਸਟ ਮਨੀ ਲਈ ਲੋਨ ਸਕੀਮ

ਇਸ ਸਕੀਮ ਅਧੀਨ ਮਕਾਨ/ਪਲਾਟ ਖਰੀਦਣ, ਫਲੈਟ ਖਰੀਦਣ ਜੋ ਕਿ ਸਰਕਾਰੀ ਹਾਊਸਿੰਗ ਐਜੰਸੀ, ਸ਼ਹਿਰੀ ਵਿਕਾਸ ਏਜੰਸੀ ਜਿਵੇਂ ਕਿ ਪੁੱਡਾ, ਵਲੋਂ ਵੇਚੇ ਜਾਂਦੇ ਹਨ ਲਈ ਪੂਰੀ ਦੀ ਪੂਰੀ ਅਰਨੈਸਟ ਮਨੀ ਐਡਵਾਂਸ ਕੀਤੀ ਜਾ ਸਕਦੀ ਹੈ। ਇਸ ਸਕੀਮ ਅਧੀਨ 31.03.2022 ਨੂੰ 67.20 ਲੱਖ ਰੁਪਏ ਖੜ੍ਹੇ ਹਨ।

## ਸਰਲ ਵਿਓਪਾਰ

ਬੈਂਕ ਵੱਲੋਂ ਸਾਲ 2017-18 ਲਈ ਇਕ 5 ਲੱਖ ਰੁਪਏ ਤੱਕ ਦੀ ਨਵੀਂ ਸਕੀਮ ਸਰਲ ਵਿਓਪਾਰ ਲਾਗੂ ਕੀਤੀ ਗਈ ਹੈ ਜਿਸ ਤਹਿਤ ਛੋਟੇ ਉੱਦਮੀਆਂ, ਵਪਾਰੀਆਂ ਅਤੇ ਸੇਵਾਵਾਂ ਖੇਤਰ ਨੂੰ ਕਰਜ਼ਾ ਦਿੱਤਾ ਜਾਂਦਾ ਹੈ। ਜਿਲ੍ਹਾ ਸਹਿਕਾਰੀ ਬੈਂਕਾਂ ਨੇ ਸਾਲ 2021-2022 ਦੌਰਾਨ 0.44 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਹਨ।

### ਕਿਰਾਏ ਦੀ ਆਮਦਨ ਉਪਰ ਕਰਜਾ ਸਕੀਮ :

ਇਸ ਸਕੀਮ ਅਧੀਨ ਉਨ੍ਹਾਂ ਜਾਇਦਾਦ ਦੇ ਮਾਲਕਾਂ ਨੂੰ ਕਰਜਾ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਜਾਇਦਾਦ ਕਿਸੇ ਅੱਛੀ ਸਾਕ ਵਾਲੀ ਕੰਪਨੀ, ਬੈਂਕ, ਬੀਮਾ ਕੰਪਨੀ ਜਾਂ ਸਰਕਾਰੀ ਅਦਾਰੇ ਨੂੰ ਕਿਰਾਏ ਉਪਰ ਦਿੱਤੀ ਹੋਵੇ। ਇਸ ਸਕੀਮ ਅਧੀਨ ਕਿਰਾਏ ਦੀ ਆਮਦਨ ਨੂੰ ਧਿਆਨ ਵਿੱਚ ਰੱਖਕੇ ਹੀ ਲੋਨ ਦਿੱਤਾ ਜਾਂਦਾ ਹੈ। ਇਹ ਕਰਜਾ ਵਿਆਪਾਰਕ ਅਤੇ ਘਰੇਲੂ ਜਰੂਰਤਾਂ ਨੂੰ ਪੂਰੀਆਂ ਕਰਨ ਵਾਸਤੇ ਦਿੱਤਾ ਜਾਂਦਾ ਹੈ ਅਤੇ ਸਕੀਮ ਅਧੀਨ ਮਾਰਜਨ ਮਨੀ 50% ਲਈ ਜਾਂਦੀ ਹੈ। ਇਸ ਕਰਜੇ ਦੀ ਵਾਪਸੀ/ਅਦਾਇਗੀ ਦਾ ਸਮਾਂ ਵੱਧ ਤੋਂ ਵੱਧ 10 ਸਾਲ ਹੈ ਅਤੇ ਇਸ ਕਰਜੇ ਬਦਲੇ ਬੈਂਕ ਵਲੋਂ 150% ਦੇ ਹਿਸਾਬ ਨਾਲ ਸਕਿਉਰਟੀ ਲਈ ਜਾਂਦੀ ਹੈ ।

### ਡੇਅਰੀ ਡਿਵੈਲਪਮੈਂਟ ਸਕੀਮ :

ਇਸ ਸਕੀਮ ਅਧੀਨ ਵੱਧੋ ਵੱਧ 50 ਲੱਖ ਰੁਪਏ ਲੋਨ ਦਿੱਤਾ ਜਾ ਸਕਦਾ ਹੈ ਇਸ ਸਕੀਮ ਅਧੀਨ ਕਰਜ਼ਾ ਦੁੱਧ ਵਾਲੇ ਪਸ਼ੂਆਂ ਨੂੰ ਖਰੀਦਣ ਅਤੇ ਡੇਅਰੀ ਨਾਲ ਸਬੰਧਤ ਸੰਦਾ ਨੂੰ ਖਰੀਦਣ ਵਾਸਤੇ ਦਿੱਤਾ ਜਾਂਦਾ ਹੈ। ਇਹ ਕਰਜੇ ਦੀ ਅਦਾਇਗੀ 9 ਸਾਲ ਦੇ ਅੰਦਰ ਅੰਦਰ ਕੀਤੀ ਜਾ ਸਕਦੀ ਹੈ। ਸਾਲ 2021-2022 ਦੌਰਾਨ ਇਸ ਸਕੀਮ ਦੇ ਤਹਿਤ ਕੇਂਦਰੀ ਬੈਂਕਾਂ ਵੱਲੋਂ 12.08 ਕਰੋੜ ਰੁਪਏ ਮੰਜੂਰ ਕੀਤੇ ਗਏ ਹਨ।

### ਖੇਤੀਬਾੜੀ ਸੇਵਾ ਕੇਂਦਰ ਸਥਾਪਿਤ ਕਰਨ ਲਈ ਕਰਜ਼ਾ :

21.09 ਕਰੋੜ ਰੁਪਏ ਦੀ ਰਕਮ ਇਸ ਸਕੀਮ ਦੇ ਤਹਿਤ ਬਕਾਇਆ ਖੜ੍ਹੀ ਹੈ।

## ਜਨਤਕ

### ਮੁਲਾਜ਼ਮਾਂ ਦੀ ਗਿਣਤੀ ਤੇ ਮੁਲਾਜ਼ਮ ਭਲਾਈ :

31.3.2022 ਨੂੰ ਬੈਂਕ ਵਿਚ 264 ਮੁਲਾਜ਼ਮ ਸਨ। ਵਿਚਾਰ ਅਧੀਨ ਸਾਲ ਦੌਰਾਨ ਨਿੱਘੇ ਤੇ ਵਧੀਆ ਉਦਯੋਗਿਕ ਸਬੰਧ ਬਣੇ ਰਹੇ ਹਨ। ਬੈਂਕ ਦੀ ਮੈਨੇਜਮੈਂਟ ਦੁਆਰਾ ਮੁਲਾਜਮਾਂ ਦੀ ਵਿੱਤੀ ਮਦਦ ਲਈ ਜਿਵੇਂ ਕਣਕ ਕਰਜ਼ਾ, ਮਕਾਨ ਕਰਜ਼ਾ, ਖਪਤਕਾਰੀ ਕਰਜ਼ਾ ਅਤੇ ਵਾਹਨ ਕਰਜ਼ੇ ਘੱਟ ਵਿਆਜ ਤੇ ਦੇਣ ਦੀਆਂ ਸਕੀਮਾਂ ਬਣਾਈਆਂ ਗਈਆਂ ਹਨ। ਸਟਾਫ ਦੇ ਰਹਿਣ ਲਈ ਬੈਂਕ ਦੀ ਸੈਕਟਰ 30 ਵਿਚ ਇਕ ਕਲੋਨੀ ਹੈ ਅਤੇ ਇਕ ਹੋਰ ਕਲੋਨੀ ਮੁਹਾਲੀ ਦੇ ਫੇਜ਼ 10 ਵਿਚ ਹੈ।


ਬੈਂਕ ਵਲੋਂ ਕਰਮਚਾਰੀ ਭਲਾਈ ਸਕੀਮ ਵੀ ਬਣਾਈ ਗਈ ਹੈ ਜਿਸ ਤਹਿਤ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਾਂ ਜਾਂ ਆਸ਼ਰਿਤਾਂ ਨੂੰ ਵਿਤੀ ਮੱਦਦ ਦਿੱਤੀ ਜਾਂਦੀ ਹੈ। ਇਸ ਸਕੀਮ ਦੇ ਤਹਿਤ ਇਕ ਮੁਲਾਜ਼ਮ ਆਪਣੀ ਤਨਖਾਹ ਵਿਚੋਂ ਹਰ ਮਹੀਨੇ 50.00 ਰੁਪਏ ਕਟਾਉਂਦਾ ਹੈ ਅਤੇ ਇੰਨੀ ਹੀ ਰਕਮ ਬੈਂਕ ਦੁਆਰਾ ਮੁਲਾਜਮ ਭਲਾਈ ਫੰਡ ਵਿਚ ਪਾਈ ਜਾਂਦੀ ਹੈ।

### ਮਨੁੱਖੀ ਵਸੀਲਿਆਂ ਦਾ ਵਿਕਾਸ :

ਵਪਾਰਕ ਬੈਂਕਾਂ ਨਾਲ ਮੁਕਾਬਲੇਬਾਜ਼ੀ ਦਾ ਖਿਆਲ ਕਰਦਿਆਂ ਅਤੇ ਦੇਸ਼ ਵਿੱਚ ਵਿਤੀ ਖੇਤਰ ਦੇ ਸੁਧਾਰਾਂ ਨੂੰ ਧਿਆਨ ਵਿੱਚ ਰਖਦਿਆਂ, ਸਹਿਕਾਰੀ ਬੈਂਕਾਂ ਨੇ ਆਪਣੇ ਮੁਲਾਜ਼ਮਾਂ ਨੂੰ ਨਵੀਨਤਮ ਬੈਂਕਿੰਗ ਢੰਗ ਤਰੀਕਿਆਂ ਅਤੇ ਵਿਧੀਆਂ ਵਿੱਚ ਸਿਖਿਅਤ ਕਰਨ ਅਤੇ ਮਾਹਿਰ ਬਣਾਉਣ ਲਈ ਕਦਮ ਚੁੱਕੇ ਹਨ। ਕਰਜ਼ਿਆਂ ਦੀਆਂ ਵੱਖ ਵੱਖ ਸਕੀਮਾਂ ਦੀ ਵਿਸ਼ੇਸ਼ ਸਿਖਲਾਈ ਅਤੇ ਕੰਪਿਊਟਰ ਦੀ ਸਿਖਲਾਈ ਏ.ਸੀ. ਐਸ.ਟੀ.ਆਈ. ਜਲੰਧਰ ਵੱਲੋਂ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ BIRD (ਲਖਨਊ) MGSIPA (ਚੰਡੀਗੜ੍ਹ) PICT ਅਤੇ RICM, CAB (ਪੂਨੇ) ਵਿੱਚ ਵੀ ਸਟਾਫ਼ ਨੂੰ ਟਰੇਨਿੰਗ ਲਈ ਭੇਜਿਆ ਜਾਂਦਾ ਹੈ।

## ਕੰਪਿਊਟਰੀਕਰਨ : ਪੰਜਾਬ ਰਾਜ ਦੇ ਸਹਿਕਾਰੀ ਬੈਂਕਾਂ ਵਿੱਚ ਕੋਰ ਬੈਂਕਿੰਗ ਸੁਲਿਊਸ਼ਨ ਸ਼ੁਰੂ :

ਬੈਂਕਿੰਗ ਖੇਤਰ ਵਿੱਚ ਤੇਜੀ ਨਾਲ ਆਉਣ ਵਾਲਿਆ ਤਬਦੀਲੀਆਂ ਨੂੰ ਵੇਖਦੇ ਹੋਏ ਪੰਜਾਬ ਰਾਜ ਸਹਿਕਾਰੀ ਬੈਂਕਾਂ ਅਤੇ ਪੰਜਾਬ ਵਿੱਚ ਪੈਂਦੇ ਕੇਂਦਰੀ ਸਹਿਕਾਰੀ ਬੈਂਕਾਂ ਨੇ ਆਪਣੇ ਗਾਹਕਾਂ ਨੂੰ ਦੂਜੇ ਪ੍ਰਾਈਵੇਟ ਅਤੇ ਪੰਜੀਕ੍ਰਿਤ ਬੈਂਕਾਂ ਦੇ ਬਰਾਬਰ ਸਹੂਲਤਾਂ ਦੇਣ ਲਈ ਬੈਂਕ ਵਿੱਚ ਕੋਰ ਬੈਂਕਿੰਗ ਸਿਸਟਮ ਲਾਗੂ ਕਰ ਦਿੱਤਾ ਹੈ। ਪੰਜਾਬ ਵਿੱਚ ਸਹਿਕਾਰੀ ਬੈਂਕਾਂ ਦੀਆਂ ਸਾਰੀਆਂ 802 ਬ੍ਰਾਂਚਾ ਵਿੱਚ ਕੋਰ ਬੈਂਕਿੰਗ ਸਲਿਊਸ਼ਨ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਰਾਜ ਸਹਿਕਾਰੀ ਬੈਂਕ ਦੀਆਂ 18 ਬ੍ਰਾਂਚਾਂ ਵਿੱਚ ਸੀ.ਬੀ.ਐਸ. ਸ਼ੁਰੂ ਕਰ ਦਿੱਤਾ ਗਿਆ ਹੈ।




ਇਸੇ ਤਰ੍ਹਾਂ ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਆਰ.ਟੀ.ਜੀ.ਐਸ./ ਐਨ.ਟੀ.ਐਫ.ਟੀ./ਡੀ.ਬੀ.ਟੀ. ਸਹੂਲਤਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਹਿਕਾਰੀ ਬੈਂਕਾਂ ਵੱਲੋਂ ਚੰਡੀਗੜ੍ਹ ਅਤੇ ਪੰਜਾਬ ਰਾਜ ਵਿੱਚ 149 ਏ.ਟੀ.ਐਮ. ਮਸ਼ੀਨਾਂ ਵੀ ਲਗਾਈਆਂ ਗਈਆਂ ਹਨ ਅਤੇ 31.3.2022 ਤੱਕ 214773 ਡੈਬਿਟ ਕਾਰਡ ਜਾਰੀ ਕੀਤੇ ਗਏ ਹਨ।ਸਾਰੇ ਕੇਂਦਰੀ ਸਹਿਕਾਰੀ ਬੈਂਕ NPCI ਦੇ ਵੱਖ ਵੱਖ ਪ੍ਰੋਡਕਟਾਂ ਦੀ ਸੇਵਾਵਾਂ ਗਾਹਕਾਂ ਨੂੰ ਪ੍ਰਦਾਨ ਕਰ ਰਹੇ ਹਨ। ਇਸ ਤੋਂ ਇਲਾਵਾ ਬੀ.ਪੀ.ਐਸ., ਆਈ.ਐਮ.ਪੀ.ਐਸ. ਮੋਬਾਇਲ ਬੈਂਕਿੰਗ ਦੀ ਸ਼ੁਰੂਆਤ ਵੀ ਹੋ ਚੁੱਕੀ ਹੈ।

## ਸ਼ਾਖਾ ਨੈਟਵਰਕ :

ਪੰਜਾਬ ਰਾਜ ਸਹਿਕਾਰੀ ਬੈਂਕ ਦਾ ਹੈੱਡ ਆਫਿਸ ਅਤੇ ਇੱਕ ਸਰਵਿਸ ਬ੍ਰਾਂਚ ਸੈਕਟਰ-34, ਚੰਡੀਗੜ੍ਹ 'ਚ ਸਥਿਤ ਹੈ ਅਤੇ 31.3.2022 ਨੂੰ ਚੰਡੀਗੜ੍ਹ 'ਚ ਇਸ ਦੀਆਂ 17 ਸ਼ਾਖਾਵਾਂ ਅਤੇ ਇੱਕ ਵਿਸਥਾਰ ਕਾਊਂਟਰ ਹਨ।

## ਐਵਾਰਡ :

ਨਾਬਾਰਡ ਨੇ ਇਕ ਨਵੀਂ ਸਕੀਮ ਤਹਿਤ ਵੱਧੀਆ ਕਾਰਗੁਜ਼ਾਰੀ ਐਵਾਰਡ ਜਿਸ ਤਹਿਤ 5.00 ਲੱਖ ਰੁਪਏ ਨਕਦ ਦਿੱਤੇ ਜਾਣਗੇ ਚਲਾਈ ਹੈ। ਪੰਜਾਬ ਰਾਜ ਸਹਿਕਾਰੀ ਬੈਂਕ ਨੂੰ 2003-04 ਅਤੇ ਸਾਲ 2008-09 ਲਈ ਪਹਿਲਾ ਇਨਾਮ ਪ੍ਰਾਪਤ ਹੋਇਆ। ਇਸੇ ਤਰ੍ਹਾਂ ਨੈਸ਼ਨਲ ਫੈਡਰੇਸ਼ਨ ਆਫ ਸਟੇਟ ਕੋਆਪ੍ਰੇਟਿਵ ਬੈਂਕਸ ਲਿਮਟਿਡ, ਮੁਬੰਈ ਨੇ ਵੀ ਪੰਜਾਬ ਰਾਜ ਸਹਿਕਾਰੀ ਬੈਂਕ ਨੂੰ ਵਧੀਆ ਕਾਰਗੁਜ਼ਾਰੀ ਲਈ ਸਾਲ 2003-04 ਅਤੇ 2006-07 ਲਈ ਪਹਿਲਾ ਇਨਾਮ, 2007-08 ਲਈ ਦੂਜਾ ਇਨਾਮ ਅਤੇ ਸਾਲ 2012-13 ਲਈ 'ਲੀਡਰਸ਼ਿਪ ਰੋਲ ਆਫ ਸਟੇਟ ਕੋਆਪ੍ਰੇਟਿਵ ਬੈਂਕਸ' ਅਧੀਨ ਸਪੈਸ਼ਲ ਐਵਾਰਡ ਵੀ ਦਿੱਤਾ ਗਿਆ ਹੈ।

## ਧੰਨਵਾਦ :

ਰਿਪੋਰਟ ਅਧੀਨ ਸਾਲ ਦੌਰਾਨ ਦਿੱਤੀ ਗਈ ਵਿੱਤੀ ਸਹਾਇਤਾ ਅਤੇ ਕੀਤੇ ਗਏ ਮਾਰਗ ਦਰਸ਼ਨ ਲਈ ਬੈਂਕ ਦੀ ਮੈਨੇਜਮੈਂਟ ਭਾਰਤ ਸਰਕਾਰ, ਪੰਜਾਬ ਸਰਕਾਰ, ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਨਾਬਾਰਡ, ਰਿਜ਼ਰਵ ਬੈਂਕ ਆਫ ਇੰਡੀਆ ਅਤੇ ਆਡਿਟ ਵਿਭਾਗ ਦਾ ਦਿਲੋ ਧੰਨਵਾਦ ਕਰਦੀ ਹੈ।


ਮੈਨੇਜਮੈਂਟ, ਬੈਂਕ ਦੇ ਹਿੱਸੇਦਾਰਾਂ, ਅਮਾਨਤਦਾਰਾਂ ਅਤੇ ਹੋਰ ਭਾਈਵਾਲਾਂ ਦੀ ਬਹੁਤ ਜ਼ਿਆਦਾ ਧੰਨਵਾਦੀ ਹੈ ਜੋ ਲਗਾਤਾਰ ਬੈਂਕ ਨੂੰ ਸਰਪ੍ਰਸਤੀ ਅਤੇ ਸਹਾਇਤਾ ਦੇ ਰਹੇ ਹਨ। ਇਹ ਆਡੀਟਰਾਂ ਦੇ ਮਿਲਵਰਤਣ ਅਤੇ ਮਾਰਗ ਦਰਸ਼ਨ ਲਈ ਉਨ੍ਹਾਂ ਪ੍ਰਤੀ ਵੀ ਆਭਾਰ ਵਿਅਕਤ ਕਰਦੀ ਹੈ। ਮੈਨੇਜਮੈਂਟ ਬੈਂਕ ਦੇ ਸਾਰੇ ਸਟਾਫ ਮੈਂਬਰਾਂ ਦੁਆਰਾ ਰਿਪੋਰਟ ਵਾਲੇ ਸਾਲਾਂ ਦੌਰਾਨ ਨਿਭਾਈਆਂ ਗਈਆਂ ਵਫਾਦਾਰੀ ਅਤੇ ਨਿਪੁੰਨਤਾ ਵਾਲੀਆਂ ਸੇਵਾਵਾਂ ਦੀ ਵੀ ਸ਼ਲਾਘਾ ਕਰਦੀ ਹੈ ਜਿਸ ਕਰਕੇ ਸਾਰੇ ਖੇਤਰਾਂ 'ਚ ਬੈਂਕ ਦੇ ਪ੍ਰਗਤੀ ਵਾਲੇ ਨਤੀਜੇ ਸਾਹਮਣੇ ਆਏ ਹਨ।


**ਪ੍ਰਬੰਧ ਨਿਰਦੇਸ਼ਕ**


# ਕੇਂਦਰੀ ਸਹਿਕਾਰੀ ਬੈਂਕਾਂ ਦੀ ਕਾਰਗੁਜ਼ਾਰੀ

(ਰੁਪਏ ਲੱਖਾਂ ਵਿੱਚ)

| ਪੈਰਾਮੀਟਰ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਹਿੱਸਾ ਪੂੰਜੀ | 61575.00 | 68747.00 | 69613.25 | 69514.80 | 70228.87 |
| ਆਪਣੇ ਫੰਡ | 225129.00 | 235734.00 | 238215.40 | 265732.46 | 275507.93 |
| ਅਮਾਨਤਾਂ | 1383279.04 | 1471480.00 | 1557266.19 | 1704895.68 | 1799683.91 |
| ਉਧਾਰੀਆਂ | 555583.00 | 456366.00 | 496116.68 | 466209.14 | 469036.80 |
| ਜਾਰੀ ਕੀਤੇ ਕਰਜ਼ੇ | 1181027.38 | 1199910.38 | 1405214.00 | 1308683.43 | 1354570.14 |
| ਲਗਦੇ ਕਰਜ਼ੇ | 1255915.10 | 1147340.85 | 1220916.06 | 1177586.86 | 1184074.98 |
| ਚਲੰਤ ਪੂੰਜੀ | 2248037.66 | 2218863.00 | 2236002.20 | 2458810.26 | 2465198.99 |
| ਸ਼ੁੱਧ ਮੁਨਾਫਾ | -2718.63 | -3508.11 | -2289.82 | -1794.23 | 4841.23 |
| ਥੋੜ੍ਹ ਚਿਰੇ ਖੇਤੀ ਕਰਜਿਆਂ ਦੀ ਵਸੂਲੀ | 76.16 | 81.42 | 79.39 | 66.80 | 65.28 |
| ਪ੍ਰਤੀ ਬਰਾਂਚ ਬਿਜਨਸ | 3290.77 | 3265.36 | 3388.01 | 3594.12 | 3720.40 |
| ਪ੍ਰਤੀ ਕਰਮਚਾਰੀ ਬਿਜਨਸ | 808.08 | 845.05 | 801.07 | 1108.65 | 919.21 |



# ਕੇਂਦਰੀ ਸਹਿਕਾਰੀ ਬੈਂਕਾਂ ਦੀ ਕਾਰਗੁਜ਼ਾਰੀ

